30-AUG-PAGE-1.qxd 8/29/2023 9:36 PM Page 1

ਬੁੱਧਵਾਰ, 30 ਅਗਸਤ, 2023
14 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 89

ਨਵਾਂ ਜ਼ਮਾਨਾ

DAILY NAWAN ZAMANA • WEDNESDAY, 30 AUGUST, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਸੁਪਰੀਮ ਕੋਰਟ ਨੇ ਕੇਂਦਰ ਨੂੰ ਪੁੱਛਿਆ

ਜੰਮੂ-ਕਸ਼ਮੀਰ ਨੂੰ ਪੂਰਨ ਸੂਬੇ ਦਾ ਦਰਜਾ, ਕਦੋਂ ਹੋਣਗੀਆਂ ਚੋਣਾਂ

ਨਵੀਂ ਦਿੱਲੀ : ਸੁਪਰੀਮ ਕੋਰਟ ਦੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਧਾਰਾ 370 ਨੂੰ ਰੱਦ ਕਰਨ ਅਤੇ ਜੰਮੂ-ਕਸ਼ਮੀਰ ਸੂਬੇ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਵੰਡਣ ਦੀ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ। ਮੰਗਲਵਾਰ 12ਵੇਂ ਦਿਨ ਦੀ ਸੁਣਵਾਈ 'ਚ ਸੁਪਰੀਮ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ ਕਿ ਜੰਮੂ-ਕਸ਼ਮੀਰ ਨੂੰ ਸੂਬੇ ਦਾ ਦਰਜਾ ਕਦੋਂ ਦਿੱਤਾ ਜਾਵੇਗਾ ਅਤੇ ਚੋਣਾਂ ਕਦੋਂ ਹੋਣਗੀਆਂ? ਕੇਂਦਰ ਨੇ ਜਵਾਬ 'ਚ ਕਿਹਾ ਕਿ ਜੰਮੂ-ਕਸ਼ਮੀਰ ਦਾ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦਰਜਾ ਸਥਾਈ ਨਹੀਂ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਦਰਜੇ ਦੇ ਭਵਿੱਖ 'ਤੇ 31 ਅਗਸਤ ਨੂੰ ਸਰਕਾਰ ਆਪਣਾ ਬਿਆਨ ਦੇਵੇਗੀ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦਾ ਕਹਿਣਾ ਹੈ ਕਿ ਜਦ ਹਾਲਾਤ ਠੀਕ ਹੋ ਜਾਣਗੇ ਤਾਂ ਜੰਮੂ-ਕਸ਼ਮੀਰ ਨੂੰ ਫਿਰ ਤੋਂ ਰਾਜ ਬਣਾ ਦਿੱਤਾ ਜਾਵੇਗਾ। ਸੁਣਵਾਈ ਦੌਰਾਨ ਕੇਂਦਰ ਦਾ ਪੱਖ ਰਹੇ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਭਵਿੱਖ 'ਚ ਜੰਮੂ-ਕਸ਼ਮੀਰ ਨੂੰ ਇੱਕ ਸੂਬੇ ਦਾ ਦਰਜਾ ਦਿੱਤਾ

ਜਾਵੇਗਾ, ਜਦਕਿ ਲੱਦਾਖ ਹਾਲੇ ਵੀ ਕੇਂਦਰ ਸ਼ਾਸਤ ਪ੍ਰਦੇਸ਼ ਬਣਿਆ ਰਹੇਗਾ। ਉਨ੍ਹਾ ਇਹ ਵੀ ਕਿਹਾ ਕਿ 31 ਅਗਸਤ ਨੂੰ ਉਚ ਪੱਧਰੀ ਮੀਟਿੰਗ ਤੋਂ ਬਾਅਦ ਫੈਸਲਾ ਲਿਆ ਜਾ ਸਕਦਾ ਹੈ। ਤੁਸ਼ਾਰ ਮਹਿਤਾ ਦੀਆਂ ਦਲੀਲਾਂ ਨੂੰ ਦੇਖਦੇ ਹੋਏ ਬੈਂਚ ਨੇ ਪੁੱਛਿਆ ਕਿ ਜੰਮੂ-ਕਸ਼ਮੀਰ 'ਚ ਚੋਣਾਂ ਕਦੋਂ ਹੋਣਗੀਆਂ? ਬੈਂਚ ਨੇ ਕਿਹਾ, 'ਕੀ ਕੋਈ ਰੋਡਮੈਪ ਹੈ? ਤੁਹਾਨੂੰ ਇਹ ਸਾਨੂੰ ਦੱਸਣਾ ਹੋਵੇਗਾ।

ਬਿਹਾਰ ਜਾਤੀ ਜਨਗਣਨਾ 'ਤੇ ਮੋਦੀ ਸਰਕਾਰ ਪੁੱਠੇ ਪੈਰੀਂ

ਮਰਦਮਸ਼ੁਮਾਰੀ ਨਾਲ ਜੁੜਿਆ ਕੋਈ ਵੀ ਕੰਮ ਕੇਂਦਰ ਸਰਕਾਰ ਤੋਂ ਇਲਾਵਾ ਹੋਰ ਕੋਈ ਨਹੀਂ ਕਰ ਸਕਦਾ। ਬਿਹਾਰ ਦੀ ਜਾਤੀ ਮਰਦਮਸ਼ੁਮਾਰੀ ਨੂੰ ਲੈ ਕੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ 'ਚ ਇਹ ਹਲਫ਼ਨਾਮਾ ਦਿੱਤਾ ਸੀ, ਜਿਸ ਨੂੰ ਉਸ ਨੇ ਕੁਝ ਘੰਟਿਆਂ ਬਾਅਦ ਹੀ ਵਾਪਸ ਲੈ ਲਿਆ। ਸੋਮਵਾਰ ਸਵੇਰੇ ਅਦਾਲਤ 'ਚ ਕੇਂਦਰ ਸਰਕਾਰ ਨੇ ਜੋ ਹਲਫ਼ਨਾਮਾ ਦਿੱਤਾ ਸੀ, ਉਸ 'ਚ ਕਿਹਾ ਸੀ ਕਿ ਮਰਦਮਸ਼ੁਮਾਰੀ ਨਾਲ ਜੁੜਿਆ ਕੰਮ ਕੇਂਦਰ ਸਰਕਾਰ ਹੀ ਕਰਾ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਵੀ ਸੂਬਾ ਸਰਕਾਰ ਅਤੇ ਹੋਰ ਏਜੰਸੀਆਂ ਦੇ ਦਾਇਰੇ 'ਚ ਮਰਦਮਸ਼ੁਮਾਰੀ ਕਰਾਉਣਾ ਨਹੀਂ, ਪਰ ਸੋਮਵਾਰ ਨੂੰ ਸ਼ਾਮ ਹੋਣ ਤੱਕ ਸਰਕਾਰ ਨੇ ਆਪਣਾ ਰੁਖ ਬਦਲ ਲਿਆ ਅਤੇ ਨਵਾਂ ਹਲਫ਼ਨਾਮਾ ਦਾਖਲ ਕਰਦੇ ਹੋਏ ਪੁਰਾਣੇ ਨੂੰ ਖਾਰਜ ਕਰਨ ਦੀ ਮੰਗ ਕੀਤੀ। ਮੋਦੀ ਸਰਕਾਰ ਨੇ ਕਿਹਾ ਕਿ ਪਹਿਲੇ ਹਲਫ਼ਨਾਮੇ ਦੇ 5ਵੇਂ ਪੈਰਾਗ੍ਰਾਫ਼ 'ਚ ਇੱਕ ਗਲਤੀ ਹੋ ਗਈ, ਜਿਸ ਦੇ ਚਲਦੇ ਉਸ ਨੂੰ ਵਾਪਸ ਲੈ ਲਿਆ ਗਿਆ। ਹਾਲਾਂਕਿ ਸਰਕਾਰ ਨੇ ਨਵੇਂ ਐਫੀਡੇਵਿਟ 'ਚ ਵੀ ਵੱਖਰੇ ਢੰਗ ਨਾਲ ਉਹੀ ਗੱਲ ਦੁਹਰਾਈ ਹੈ।

ਸਰਕਾਰ ਨੇ ਕਿਹਾ, 'ਮਰਦਮਸ਼ੁਮਾਰੀ ਇੱਕ ਸੰਵਿਧਾਨਕ ਪ੍ਰਕਿਰਿਆ ਹੈ, ਜਿਸ ਦਾ ਸੰਚਾਲਨ ਮਰਦਮਸ਼ੁਮਾਰੀ ਨਿਯਮ 1948 ਦੇ ਤਹਿਤ ਕੀਤਾ ਜਾਂਦਾ ਹੈ। ਇਹ ਕੇਂਦਰੀ ਸੂਚੀ 'ਚ ਆਉਂਦਾ ਹੈ ਅਤੇ ਸੰਵਿਧਾਨ ਦੀ 7ਵੀਂ ਸੂਚੀ 'ਚ ਇਸ ਦਾ ਜ਼ਿਕਰ ਕੀਤਾ ਗਿਆ ਹੈ। ਇਹ ਨਿਯਮ ਸਿਰਫ਼ ਕੇਂਦਰ ਸਰਕਾਰ ਨੂੰ ਹੀ ਇਹ ਸ਼ਕਤੀ ਦਿੰਦਾ ਹੈ ਕਿ ਉਹ ਮਰਦਮਸ਼ੁਮਾਰੀ ਨਿਯਮ, 1948 ਦੇ ਤਹਿਤ ਮਰਦਮਸ਼ੁਮਾਰੀ ਕਰਾ ਸਕੇ। ਇਸ ਦਾ ਪ੍ਰਬੰਧ ਐਕਟ ਦੇ ਸੈਕਸ਼ਨ 3 'ਚ ਕੀਤਾ ਗਿਆ ਹੈ। ਪਟਨਾ ਹਾਈ ਕੋਰਟ ਨੇ ਬਿਹਾਰ ਸਰਕਾਰ ਵੱਲੋਂ ਜਾਤੀ ਮਰਦਮਸ਼ੁਮਾਰੀ ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਤੋਂ ਬਾਅਦ ਉਸ ਖਿਲਾਫ਼ ਸੁਪਰੀਮ ਕੋਰਟ 'ਚ ਅਰਜ਼ੀ ਦਿੱਤੀ ਗਈ। ਇਸ 'ਤੇ ਸੁਣਵਾਈ ਦੌਰਾਨ ਕੇਂਦਰ ਨੇ ਹਲਫ਼ਨਾਮਾ ਦਿੱਤਾ ਹੈ।

ਇਮਰਾਨ ਨੂੰ ਬੇਲ ਤੋਂ ਬਾਅਦ ਵੀ ਜੇਲ੍ਹ

ਇਸਲਾਮਾਬਾਦ : ਤੋਸ਼ਾਖਾਨਾ ਮਾਮਲੇ 'ਚ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਇਸਲਾਮਾਬਾਦ ਹਾਈ ਕੋਰਟ ਤੋਂ ਰਾਹਤ ਮਿਲਣ ਦੇ ਤੁਰੰਤ ਬਾਅਦ ਉਨ੍ਹਾ ਨੂੰ ਐੱਨ ਆਈ ਏ ਨੇ ਦੂਜੇ ਮਾਮਲੇ 'ਚ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਦੇ ਬਾਅਦ ਜਾਂਚ ਏਜੰਸੀ ਉਨ੍ਹਾ ਨੂੰ ਬੁੱਧਵਾਰ ਕੋਰਟ 'ਚ ਪੇਸ਼ ਕਰੇਗੀ। ਇਸ ਤੋਂ ਪਹਿਲਾਂ ਇਸਲਾਮਾਬਾਦ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟਦੇ ਹੋਏ ਇਮਰਾਨ ਖਾਨ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ, ਪਰ ਹਾਈ ਕੋਰਟ ਤੋਂ ਰਾਹਤ ਮਿਲਣ ਦੇ ਤੁਰੰਤ ਬਾਅਦ ਉਨ੍ਹਾ ਨੂੰ ਗੁਪਤ ਲੈਟਰ ਚੋਰੀ ਕੇਸ 'ਚ ਗ੍ਰਿਫ਼ਤਾਰ ਕਰ ਲਿਆ ਗਿਆ।

ਸਾਬਕਾ ਕਾਨੂੰਨ ਮੰਤਰੀ ਅਤੇ ਸਰਕਾਰੀ ਵਕੀਲ ਨੇ ਇੱਕ ਟੀ ਵੀ ਚੈਨਲ ਨੂੰ ਕਿਹਾ, ਸਜ਼ਾ ਮੁਅੱਤਲ ਹੋਈ ਹੈ, ਉਨ੍ਹਾ ਨੂੰ ਜ਼ਮਾਨਤ ਮਿਲੀ ਹੈ, ਪਰ ਉਹ ਫਿਲਹਾਲ ਜੇਲ੍ਹ ਤੋਂ ਰਿਹਾਅ ਨਹੀਂ ਹੋ ਸਕਦੇ, ਇਸ ਦਾ ਕਾਰਨ ਇਹ ਹੈ ਕਿ ਗੁਪਤ ਲੈਟਰ ਚੋਰੀ ਦੇ ਮਾਮਲੇ 'ਚ ਅਦਾਲਤ ਨੇ ਜਾਂਚ ਏਜੰਸੀਆਂ ਨੂੰ 14 ਦਿਨ ਦਾ ਫਿਜ਼ੀਕਲ ਰਿਮਾਂਡ ਦਿੱਤਾ ਹੈ।

ਇਸ ਤੋਂ ਪਹਿਲਾਂ ਇਮਰਾਨ ਖਾਨ ਦੇ ਵਕੀਲ ਬਾਬਰ ਅਵਾਨ ਨੇ ਕੋਰਟ 'ਚ ਕਿਹਾ ਸੀ ਕਿ ਕੋਰਟ ਦੇ ਫੈਸਲੇ ਨਾਲ ਖਾਨ ਫਿਰ ਤੋਂ ਪਾਕਿਸਤਾਨ ਤਹਿਰੀਕ ਏ ਇਨਸਾਫ (ਪੀ ਟੀ ਆਈ) ਦੇ ਚੇਅਰਮੈਨ ਬਣ ਗਏ ਹਨ। ਇਮਰਾਨ ਖਾਨ ਨੂੰ ਬੀਤੀ 5 ਅਗਸਤ ਨੂੰ 3 ਸਾਲ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਹ ਇਸ ਸਮੇਂ ਅਟਕ ਜ਼ਿਲ੍ਹੇ ਦੀ ਜੇਲ੍ਹ 'ਚ ਕੈਦ ਹਨ। 2018 ਤੋਂ 2022 ਤੱਕ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਸਰਕਾਰੀ ਤੋਹਫੇ ਵੇਚਣ ਦੇ ਦੋਸ਼ੀ ਠਹਿਰਾਏ ਜਾਣ ਕਾਰਨ ਉਨ੍ਹਾ ਨੂੰ ਇਹ ਸਜ਼ਾ ਸੁਣਾਈ ਗਈ ਸੀ।

ਇਮਰਾਨ ਦੇ ਵਕੀਲ ਨੇ ਕੋਰਟ ਨੂੰ ਅਪੀਲ ਕੀਤੀ ਸੀ ਕਿ ਜੇਲ੍ਹ ਦੇ ਬਾਹਰ ਆਉਣ 'ਤੇ ਉਨ੍ਹਾ ਨੂੰ ਕਿਸੇ ਦੂਜੇ ਮਾਮਲੇ 'ਚ ਗ੍ਰਿਫ਼ਤਾਰ ਨਾ ਕੀਤਾ ਜਾਵੇ, ਪਰ ਉਨ੍ਹਾ ਨੂੰ ਫ਼ਿਰ ਗ੍ਰਿਫ਼ਤਾਰ ਕਰ ਲਿਆ ਗਿਆ। ਇਮਰਾਨ ਖਿਲਾਫ਼ ਕਈ ਮਾਮਲੇ ਦਰਜ ਹਨ। 'ਦਿ ਐੱਕਸਪ੍ਰੈੱਸ ਟ੍ਰਿਬਿਊਨ' ਮੁਤਾਬਕ ਫੈਡਰਲ ਇਨਵੈਸਟੀਗੇਸ਼ਨ ਏਜੰਸੀ ਅਤੇ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ ਦੀਆਂ ਟੀਮਾਂ ਉਨ੍ਹਾ ਦਾ ਇੰਤਜ਼ਾਰ ਕਰ ਰਹੀਆਂ ਹਨ। ਫੈਡਰਲ ਇਨਵੈਸਟੀਗੇਸ਼ਨ ਏਜੰਸੀ ਨੂੰ ਗੁਪਤ ਚਿੱਠੀ ਚੋਰੀ ਅਤੇ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ ਨੂੰ 9 ਮਈ ਨੂੰ ਹੋਈ ਹਿੰਸਾ ਦੇ ਮਾਮਲੇ 'ਚ ਖਾਨ ਤੋਂ ਪੁੱਛਗਿੱਛ ਕਰਨੀ ਹੈ। ਖਾਸ ਗੱਲ ਇਹ ਹੈ ਕਿ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ ਖਾਨ ਨੂੰ 90 ਦਿਨ ਤੱਕ ਪੁੱਛਗਿੱਛ ਲਈ ਆਪਣੀ ਹਿਰਾਸਤ 'ਚ ਰੱਖ ਸਕਦਾ ਹੈ।

ਇਸ ਦੌਰਾਨ ਉਨ੍ਹਾ ਨੂੰ ਸੁਪਰੀਮ ਕੋਰਟ ਸਮੇਤ ਕੋਈ ਅਦਾਲਤ ਜ਼ਮਾਨਤ ਵੀ ਨਹੀਂ ਦੇ ਸਕੇਗੀ। ਰਾਹਤ ਸਿਰਫ਼ ਇਹ ਰਹੇਗੀ ਕਿ ਖਾਨ ਨੂੰ ਜੇਲ੍ਹ ਦੀ ਬਜਾਏ ਏਜੰਸੀ ਹੈੱਡਕੁਆਟਰ 'ਚ ਰੱਖਿਆ ਜਾਵੇਗਾ।

ਘਰੇਲ ਐੱਲ ਪੀ ਜੀ ਸਿਲੰਡਰ 200 ਰੁਪਏ ਸਸਤਾ

ਨਵੀਂ ਦਿੱਲੀ : ਰੱਖੜੀ ਤੋਂ ਪਹਿਲਾ ਕੇਂਦਰ ਸਰਕਾਰ ਨੇ ਐੱਲ ਪੀ ਜੀ ਗੈਸ ਸਿਲੰਡਰਾਂ 'ਤੇ 200 ਰੁਪਏ ਦੀ ਸਬਸਿਡੀ ਦੇਣ ਦਾ ਐਲਾਨ ਕੀਤਾ ਹੈ। ਮੰਗਲਵਾਰ ਹੋਈ ਕੈਬਿਨਟ ਮੀਟਿੰਗ 'ਚ ਮਨਜ਼ੂਰੀ ਦਿੱਤੀ ਗਈ। ਇਸ ਛੋਟ ਦਾ ਲਾਭ 33 ਕਰੋੜ ਤੋਂ ਜ਼ਿਆਦਾ ਗਾਹਕਾਂ ਨੂੰ ਮਿਲੇਗਾ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਸਾਰੇ ਉਪਭੋਗਤਾਵਾਂ ਲਈ ਗੈਸ ਸਿਲੰਡਰ ਦੀਆਂ ਕੀਮਤਾਂ 200 ਰੁਪਏ ਘੱਟ ਕੀਤੀਆਂ ਗਈਆਂ ਹਨ। ਇਸ ਫੈਸਲੇ ਤੋਂ ਬਾਅਦ ਉਜਵਲ ਯੋਜਨਾ ਦੇ ਲਾਭਪਾਤਰੀਆਂ ਨੂੰ ਹੁਣ 400 ਰੁਪਏ ਦੀ ਸਬਸਿਡੀ ਮਿਲੇਗੀ। ਉਜਵਲ ਯੋਜਨਾ ਦੇ ਤਹਿਤ ਲਾਭਪਾਤਰੀਆਂ ਨੂੰ ਪਹਿਲਾਂ ਹੀ 200 ਰੁਪਏ ਦੀ ਸਬਸਿਡੀ ਮਿਲਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ 'ਚ 14.2 ਕਿਲੋਗ੍ਰਾਮ ਵਾਲੇ ਸਿਲੰਡਰ ਦੀ ਕੀਮਤ 1103 ਰੁਪਏ ਹੈ। 200 ਰੁਪਏ ਦੀ ਸਬਸਿਡੀ ਤੋਂ ਬਾਅਦ ਸਿਲੰਡਰ ਦੀ ਕੀਮਤ 903 ਰੁਪਏ ਹੋ ਜਾਵੇਗੀ।

ਨਰੇਂਦਰ ਮੋਦੀ ਦੇ 'ਨਰੇਟੀ' 'ਤੇ ਚੜ੍ਹਨ ਜਾ ਰਹੇ ਹਾਂ : ਲਾਲੂ

ਪਟਨਾ : ਆਰ ਜੇ ਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਵੱਡਾ ਹਮਲਾ ਬੋਲਿਆ ਹੈ। ਲਾਲੂ ਪ੍ਰਸਾਦ ਯਾਦਵ ਨੇ ਕਿਹਾ—ਅਸੀਂ ਲੋਕ ਮੁੰਬਈ 'ਚ ਨਰੇਂਦਰ ਮੋਦੀ ਦੇ ਨਰੇਟੀ (ਗਲੇ) 'ਤੇ ਚੜ੍ਹਨ ਜਾ ਰਹੇ ਹਾਂ। ਲਾਲੂ ਨੇ ਕਿਹਾ ਕਿ ਅਸੀਂ ਨਰੇਂਦਰ ਮੋਦੀ ਦਾ ਨਰੇਟੀ ਫੜੇ ਹੋਏ ਹਾਂ ਅਤੇ ਉਨ੍ਹਾ ਨੂੰ ਗੱਦੀ ਤੋਂ ਲਾਹੁਣਾ ਹੈ। ਮੰਗਲਵਾਰ ਮੁੰਬਈ 'ਚ ਹੋਣ ਵਾਲੀ ਇਡੀਆ ਗਠਜੋੜ ਦੀ ਮੀਟਿੰਗ 'ਚ ਰਵਾਨਾ ਹੋਣ ਤੋਂ ਪਹਿਲਾਂ ਪਟਨਾ ਏਅਰਪੋਰਟ ਦੇ ਬਾਹਰ ਲਾਲੂ ਪ੍ਰਸਾਦ ਯਾਦਵ ਪੱਤਰਕਾਰਾਂ ਨੂੰ ਸਵਾਲਾਂ ਦੇ ਜਵਾਬ ਦੇ ਰਹੇ ਸਨ। ਲਾਲੂ ਦੇ ਨਾਲ ਉਨ੍ਹਾ ਦੇ ਛੋਟੇ ਪੁੱਤਰ ਅਤੇ ਸੂਬੇ ਦੇ ਡਿਪਟੀ ਮੁੱਖ ਮੰਤਰੀ ਤੇਜਸਵੀ ਯਾਦਵ ਵੀ ਮੁੰਬਈ ਲਈ ਰਵਾਨਾ ਹੋਏ। ਜ਼ਿਕਰਯੋਗ ਹੈ ਕਿ 'ਇੰਡੀਆ' ਗਠਜੋੜ ਦੀ ਮੀਟਿੰਗ 31 ਅਗਸਤ ਅਤੇ 1 ਸਤੰਬਰ ਨੂੰ ਮੁੰਬਈ 'ਚ ਹੋਣ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਮੀਟਿੰਗ 'ਚ ਗਠਜੋੜ ਦੇ ਕਨਵੀਨਰ ਦਾ ਐਲਾਨ ਹੋਵੇਗਾ। ਇਸ ਤੋਂ ਇਲਾਵਾ ਸਮਝੌਤੇ 'ਚ ਸ਼ਾਮਲ ਸਾਰੀਆਂ ਪਾਰਟੀਆ ਵਿਚਾਲੇ ਸੀਟਾਂ ਦੇ ਬਟਵਾਰੇ ਦੇ ਫਾਰਮੂਲੇ 'ਤੇ ਵੀ ਚਰਚਾ ਹੋ ਸਕਦੀ ਹੈ।

ਅਧਿਆਪਕ ਤੇ ਵਾਈਸ ਪ੍ਰਿੰਸੀਪਲ ਨੂੰ ਮੁਅੱਤਲ ਕਰਨ ਦੇ ਹੁਕਮ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋ ਲੜਕਿਆਂ ਵੱਲੋਂ ਆਪਣੇ ਸਹਿਪਾਠੀਆਂ 'ਤੇ ਜਿਨਸੀ ਸ਼ੋਸ਼ਣ ਕਰਨ ਦੀ ਘਟਨਾ ਦੀ ਪੁਲਸ ਨੂੰ ਕਥਿਤ ਤੌਰ 'ਤੇ ਸੂਚਨਾ ਨਾ ਦੇਣ ਕਾਰਨ ਉੱਤਰ-ਪੱਛਮੀ ਦਿੱਲੀ ਦੇ ਸਰਕਾਰੀ ਸਕੂਲ ਦੇ ਅਧਿਆਪਕਾਂ ਅਤੇ ਵਾਈਸ ਪ੍ਰਿੰਸੀਪਲ ਨੂੰ ਮੁਅੱਤਲ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਦਿੱਲੀ ਦੀ ਸਿੱਖਿਆ ਮੰਤਰੀ ਆਤਿਸ਼ੀ ਨੇ ਸਿੱਖਿਆ ਡਾਇਰੈਕਟੋਰੇਟ ਨੂੰ ਇਹ ਯਕੀਨੀ ਬਣਾਉਣ ਲਈ ਲਿਖਿਆ ਹੈ ਕਿ ਭਵਿੱਖ 'ਚ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਸਾਰੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਬਾਰੇ ਸਿਖਲਾਈ ਦਿੱਤੀ ਜਾਵੇ। 12 ਅਤੇ 13 ਸਾਲ ਦੀ ਉਮਰ ਦੇ ਦੋ ਵਿਦਿਆਰਥੀਆਂ ਨੇ ਪੁਲਸ ਕੋਲ ਵੱਖਰੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਹਨ ਕਿ ਉਨ੍ਹਾਂ ਦੇ ਪੰਜ ਤੋਂ ਛੇ ਸਹਿਪਾਠੀਆਂ ਵੱਲੋਂ ਜਿਨਸੀ ਸ਼ੋਸ਼ਣ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਕਥਿਤ ਘਟਨਾ ਅਪ੍ਰੈਲ 'ਚ ਸਕੂਲ ਦੇ 'ਸਮਰ ਕੈਂਪ' ਦੌਰਾਨ ਹੋਈ ਸੀ। ਅਧਿਕਾਰੀਆਂ ਨੇ ਦੱਸਿਆ ਕਿ 13 ਸਾਲਾ ਅੱਠਵੀਂ ਜਮਾਤ ਦੇ ਵਿਦਿਆਰਥੀ ਨੇ ਦੋਸ਼ ਲਾਇਆ ਕਿ ਉਸ ਦੇ ਸਹਿਪਾਠੀ ਉਸ ਨੂੰ ਜ਼ਬਰਦਸਤੀ ਪਾਰਕ 'ਚ ਲੈ ਗਏ ਅਤੇ ਅਪ੍ਰੈਲ 'ਚ ਗਰਮੀਆਂ ਦੇ ਕੈਂਪ ਦੌਰਾਨ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਉਨ੍ਹਾਂ ਉਸ ਨੂੰ ਇਹ ਗੱਲ ਕਿਸੇ ਨੂੰ ਨਾ ਦੱਸਣ ਦੀ ਧਮਕੀ ਵੀ ਦਿੱਤੀ। ਅਧਿਕਾਰੀਆਂ ਮੁਤਾਬਕ ਕੁਝ ਦਿਨ ਪਹਿਲਾਂ ਲੜਕਿਆਂ ਨੇ ਵਿਦਿਆਰਥੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸ ਨੇ ਆਪਣੇ ਅਧਿਆਪਕਾਂ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ। ਇਸ 'ਤੇ ਅਧਿਆਪਕਾਂ ਨੇ ਉਸ ਨੂੰ ਇਹ ਗੱਲ ਕਿਸੇ ਨੂੰ ਨਾ ਦੱਸਣ ਲਈ ਕਿਹਾ। ਇਸ ਤੋਂ ਬਾਅਦ ਵਿਦਿਆਰਥੀ ਨੇ ਆਪਣੇ ਮਾਪਿਆਂ ਨੂੰ ਘਟਨਾ ਦੀ ਸੂਚਨਾ ਦਿੱਤੀ ਤਾਂ ਮਾਪਿਆਂ ਨੇ ਪੁਲਸ ਕੰਟਰੋਲ ਰੂਮ 'ਤੇ ਫੋਨ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ।

ਸੈਂਚੁਰੀ ਮੈਟਰੇਸ ਨੇ ਬੈਡਮਿੰਟਨ ਖਿਡਾਰਨ ਪੀ ਵੀ ਸਿੰਧੂ ਨੂੰ ਆਪਣਾ ਬ੍ਰਾਂਡ ਅੰਬੈਸਡਰ ਬਣਾਇਆ ਹੈ। ਇਸ ਦੌਰਾਨ ਮੰਗਲਵਾਰ ਹੈਦਰਾਬਾਦ 'ਚ ਇੱਕ ਸਮਾਗਮ ਦੌਰਾਨ ਸਿੰਧੂ ਖੁਸ਼ੀ ਦੇ ਪਲਾਂ 'ਚ।

ਖੇਡਾਂ 'ਚ ਪੰਜਾਬ ਬਣੇਗਾ ਨੰਬਰ ਇੱਕ : ਮੀਤ ਹੇਅਰ

ਬਠਿੰਡਾ (ਪਰਵਿੰਦਰ ਜੀਤ ਸਿੰਘ)- ਭਾਈ ਘਨੱਈਆ ਚੌਕ ਵਿਖੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਖਿਡਾਰੀਆਂ ਨਾਲ ਮਿਲ ਕੇ ਮਸ਼ਾਲ ਮਾਰਚ ਦਾ ਜ਼ੋਰਦਾਰ ਸਵਾਗਤ ਕਰਦਿਆਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਸੂਬੇ 'ਚ ਖੇਡ ਸੱਭਿਆਚਾਰ ਦੀ ਪੁਨਰ ਸੁਰਜੀਤੀ ਦਾ ਬੀਜ ਬਣ ਪੰਜਾਬ ਦੀ ਜਵਾਨੀ ਨੂੰ ਇੱਕ ਨਵੀਂ ਚਿਣਗ ਲਾ

30-AUG-PAGE-1.qxd 8/29/2023 9:37 PM Page 2

ਸੰਤ ਕਬੀਰ ਸਕੂਲ 'ਚ ਰੌਣਕਾਂ ਤੀਆਂ ਦੀਆਂ ਤਿਉਹਾਰ ਮਨਾਇਆ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਹਰਿਆਲੀ ਤੀਜ ਮੌਕੇ 'ਰੌਣਕਾਂ ਤੀਆਂ ਦੀਆਂ' ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ 'ਚ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਪੇਸ਼ ਰੰਗਾਰੰਗ ਸੰਭਿਆਚਾਰਕ ਪ੍ਰੋਗਰਾਮ ਦੌਰਾਨ ਟੱਪੇ, ਗਿੱਧਾ, ਭੰਗੜਾ ਆਦਿ ਵੰਨਗੀਆਂ ਦੀ ਪੇਸ਼ਕਾਰੀ ਦਾ ਹਾਜ਼ਰੀਨ ਨੇ ਖੂਬ ਆਨੰਦ ਮਾਣਿਆ ਅਤੇ ਪੰਜਾਬੀ ਲੋਕ ਗੀਤ ਗਾ ਕੇ ਪੁਰਾਣੇ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਪ੍ਰੋ. ਐਮ. ਐਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਹੈਡਮਿਸਟ੍ਰੈਸ ਸੋਨੀਆ ਧਵਨ, ਰਚਨਾ ਜਿੰਦਲ ਅਤੇ ਵਾਈਸ ਪ੍ਰਿੰਸੀਪਲ ਕੁਲਵੰਤ ਕੌਰ ਨੇ ਸਾਰਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਾਨੂੰ ਆਪਣੇ ਵਿਰਸੇ ਨਾਲ ਜੋੜਦਾ ਹੈ।

ਟੱਚ ਸਕਾਈ ਨੇ 10 ਦਿਨ 'ਚ ਵੀਜ਼ਾ ਲਗਵਾਇਆ

ਬਾਘਾਪੁਰਾਣਾ (ਮਨੀ ਸਿੰਗਲਾ)-ਸਥਾਨਕ ਮੁਦਕੀ ਰੋਡ ਉੱਪਰ ਸਥਿਤ ਟੱਚ ਸਕਾਈ ਇੰਸਟੀਚਿਊਟ ਆਫ ਇੰਗਲਿਸ਼ ਅਤੇ ਇੰਮੀਗ੍ਰੇਸ਼ਨ ਸਰਵਿਸ ਵੱਲੋਂ ਸੁਰਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਬਰਾੜ, ਬਾਘਾਪੁਰਾਣਾ ਦਾ 10 ਦਿਨ ਵਿਚ ਵੀਜ਼ਾ ਲਗਵਾ ਕੇ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕੀਤਾ । ਵੀਜ਼ਾ ਹਾਸਲ ਕਰਨ ਵਾਲੀ ਸੁਰਿੰਦਰ ਪਾਲ ਕੌਰ ਦਾ ਕਹਿਣਾ ਹੈ ਸੰਸਥਾ ਵੱਲੋਂ ਫਾਈਲਿੰਗ ਬਹੁਤ ਹੀ ਵਧੀਆ ਢੰਗ ਨਾਲ ਤਿਆਰ ਕੀਤੀ ਗਈ ਜਿਸ ਕਰਕੇ ਉਨ੍ਹਾਂ ਨੇ ਆਪਣਾ ਵੀਜ਼ਾ ਬਹੁਤ ਹੀ ਘੱਟ ਸਮੇਂ 'ਚ ਪ੍ਰਾਪਤ ਕੀਤਾ । ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਤੇ ਹੈੱਡ ਪੰਕਜ ਗੁਪਤਾ ਨੇ ਸੁਰਿੰਦਰਪਾਲ ਕੌਰ ਨੂੰ ਵਧਾਈ ਦਿੰਦਿਆਂ ਪਾਸਪੋਰਟ ਸੌਂਪੇ। ਉਨ੍ਹਾਂ ਦਾ ਕਹਿਣਾ ਹੈ ਕਿ ਸੰਸਥਾ ਵੱਲੋਂ ਕੈਨੇਡਾ, ਆਸਟ੍ਰੇਲੀਆ ਦੇ ਸਟੂਡੈਂਟ ਵੀਜ਼ਾ, ਵਿਜ਼ਟਰ ਵੀਜ਼ਾ ਅਤੇ ਓਪਨ ਵਰਕ ਪਰਮਿਟ ਕਰਵਾਏ ਜਾਂਦੇ ਹਨ ।

ਮਾਡਰਨ ਕਾਲਜ ਬੀਰ ਕਲਾਂ ਦਾ ਬੀ ਕਾਮ ਦਾ ਰਿਜ਼ਲਟ ਸ਼ਾਨਦਾਰ



ਚੀਮਾ ਮੰਡੀ (ਰਵਿੰਦਰ ਚੀਮਾ)-ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਘੋਸ਼ਿਤ ਬੀ.ਕਾਮ. ਸਾਲ ਤੀਜਾ ਸਮੈਸਟਰ ਛੇਵਾਂ ਦੇ ਨਤੀਜਿਆਂ 'ਚ ਮਾਡਰਨ ਕਾਲਜ, ਬੀਰ ਕਲਾਂ ਦਾ ਰਿਜ਼ਲਟ ਬਹੁਤ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ.ਵੀ.ਕੇ. ਰਾਏ ਨੇ ਦੱਸਿਆ ਕਿ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਵਿੱਚ ਵਿਦਿਆਰਥਣ ਇਸ਼ੀਤਾ ਬਾਂਸਲ ਨੇ 550 ਵਿੱਚੋਂ 421 ਅੰਕ ਲੈ ਕੇ ਪਹਿਲਾ, ਸੁਮਨਦੀਪ ਕੌਰ 417 ਅੰਕ ਲੈ ਕੇ ਦੂਜਾ, ਰੁਪਿੰਦਰ ਕੌਰ ਨੇ 410 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ।

ਬੱਚਿਆਂ ਦਾ ਟੀਕਾਕਰਨ ਅਤਿ ਜ਼ਰੂਰੀ : ਸੰਧੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਮਾਜ ਸੇਵੀ ਸੰਸਥਾ 'ਸੰਕਲਪ ਐਜੂਕੇਸਨਲ ਵੈਲਫੇਅਰ ਸੁਸਾਇਟੀ (ਰਜਿ:)' ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਆਮ ਲੋਕਾਂ ਨੂੰ ਤਾਕੀਦ ਕੀਤੀ ਕਿ ਸਿਹਤ ਤੇ ਪਰਵਾਰ ਭਲਾਈ ਮੰਤਰਾਲੇ ਦੁਆਰਾ ਸ਼ੁਰੂ ਕੀਤੇ ਮਿਸ਼ਨ ਇੰਦਰ ਧਨੁਸ਼ ਦਾ ਮੁੱਖ ਮਕਸਦ ਉਨ੍ਹਾਂ ਬੱਚਿਆਂ ਦਾ ਟੀਕਾਕਰਨ ਕਰਨਾ ਹੈ ਜਿਨ੍ਹਾਂ ਦੇ ਅਜੇ ਤੱਕ ਟੀਕੇ ਨਹੀਂ ਲੱਗੇ। ਹਰ ਸਾਲ ਬੱਚਿਆਂ ਦੀਆਂ ਹੋਣ ਵਾਲੀਆਂ ਮੌਤਾਂ ਨੂੰ ਇਸ ਟੀਕਾਕਰਨ ਰਾਹੀਂ ਰੋਕਿਆ ਜਾ ਸਕਦਾ ਹੈ ਬਸ਼ਰਤੇ ਕਿ ਜਲਦੀ ਤੋਂ ਜਲਦੀ ਇਹ ਟੀਕੇ ਲਾਉਣ ਦੀ ਪ੍ਰੀਕਿਰਿਆ ਪੂਰੀ ਹੋ ਸਕੇ। ਸੰਧੂ ਨੇ ਸਮਾਜ ਦੇ ਹਰ ਵਰਗ ਤੇ ਖਾਸ ਕਰਕੇ ਪਛੜੇ ਖੇਤਰਾਂ, ਭੱਠਿਆਂ ਦੇ ਲੋਕਾਂ ਨੂੰ ਮਿਸ਼ਨ ਇੰਦਰ ਧਨੁਸ਼ ਅਧੀਨ ਬੱਚਿਆਂ ਦੇ ਸੱਤ ਤਰ੍ਹਾਂ ਦੇ ਟੀਕੇ ਜਿਨ੍ਹਾਂ ਵਿੱਚ ਕਾਲੀ ਖੰਘ, ਖਸਰਾ, ਪੋਲੀਓ, ਨਮੂਨੀਆ, ਕਾਲਾ ਪੀਲੀਆ ਤੇ ਤਪਦਿਕ ਰੋਗ ਬੱਚਿਆਂ ਨੂੰ ਹਰ ਹਾਲ ਵਿਚ ਲਗਾਉਣ ਤੇ ਸਿਹਤ ਵਰਕਰਾਂ ਦਾ ਸਾਥ ਦੇਣ ਦੀ ਅਪੀਲ ਕੀਤੀ। ਉਨ੍ਹਾ ਦੱਸਿਆ ਕਿ ਸਿਵਲ ਸਰਜਨ ਡਾ. ਰੀਟਾ ਬਾਲਾ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਅੰਦਰ ਵਿਭਾਗ ਦੇ ਮੁਲਾਜ਼ਮ ਇਸ ਮਿਸ਼ਨ ਦੇ ਅੰਤਰਗਤ ਟੀਕੇ ਲਾਉਣ ਲਈ ਪੂਰਨ ਤੌਰ 'ਤੇ ਸਰਗਰਮ ਹਨ ਤੇ ਸਾਡੇ ਲੋਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਹਰ ਹਾਲ ਵਿੱਚ ਸਾਥ ਦੇਣ।

ਤੀਆਂ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਮਾਛੀਵਾੜਾ ਵਿਖੇ ਤੀਆਂ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੀਚੀ ਡਿਜ਼ਾਇਨਰ ਤੇ ਮਿਸਿਜ਼ ਇੰਡੀਆ-2022 ਨਿਧੀ ਸ਼ਰਮਾ ਦੀ ਅਗਵਾਈ ਹੇਠ ਮਨਾਏ ਤੀਆਂ ਦੇ ਤਿਉਹਾਰ 'ਚ ਔਰਤਾਂ ਤੇ ਮੁਟਿਆਰਾਂ ਵੱਲੋਂ ਭੰਗੜਾ ਤੇ ਡਾਂਸ ਤੋਂ ਇਲਾਵਾ ਵੱਖ-ਵੱਖ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਗਏ। ਸਮਾਗਮ ਦੌਰਾਨ 'ਸਾਵਨ ਰਾਣੀ' ਦਾ ਖਿਤਾਬ ਗੁਰਜੀਤ ਕੌਰ ਨੇ ਜਿੱਤਿਆ, ਜਿਸ ਨੂੰ ਉਰਵਸ਼ੀ ਵੱਲੋਂ ਸੌਂਪਿਆ ਗਿਆ। ਨਿਧੀ ਸ਼ਰਮਾ ਨੇ ਕਿਹਾ ਕਿ ਇਹ ਪ੍ਰੋਗਰਾਮ ਉਨ੍ਹਾਂ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਕਰਵਾਇਆ ਗਿਆ ਤਾਂ ਜੋ ਨਵੀਂ ਨੌਜਵਾਨ ਪੀੜ੍ਹੀ ਨੂੰ ਇਸ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਹੋਰਨਾਂ ਨੂੰ ਵੀ ਪੁਰਾਣੇ ਰੀਤੀ-ਰਿਵਾਜ ਤੇ ਪੰਜਾਬੀ ਸੱਭਿਆਚਾਰ ਨੂੰ ਸਾਂਭਣ ਲਈ ਅਜਿਹੇ ਸਮਾਗਮ ਕਰਵਾਉਣ ਦੀ ਅਪੀਲ ਕੀਤੀ। ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸਨਮਾਨਤ ਵੀ ਕੀਤਾ ਗਿਆ।

ਸਾਂਝ ਕੇਂਦਰ ਦੀ ਟੀਮ ਨੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ

ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)-ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਟੀ ਅਫੇਅਰਜ਼ ਡਵੀਜ਼ਨ ਪੰਜਾਬ, ਮਾਨਯੋਗ ਸੀਨੀਅਰ ਕਪਤਾਨ ਪੁਲਸ ਸ਼੍ਰੀ ਮੁਕਤਸਰ ਸਾਹਿਬ ਹਰਮਨਬੀਰ ਸਿੰਘ ਗਿੱਲ ਆਈ.ਪੀ.ਐੱਸ. ਤੇ ਕਪਤਾਨ ਪੁਲਸ (ਸਥਾਨਕ)-ਕਮ-ਜ਼ਿਲ੍ਹਾ ਕਮਿਊਨਿਟੀ ਪੁਲਸ ਅਫਸਰ ਸ਼੍ਰੀ ਕੁਲਵੰਤ ਰਾਏ ਪੀ.ਪੀ.ਐੱਸ. ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਸ਼੍ਰੀ ਮੁਕਤਸਰ ਸਾਹਿਬ ਇੰਸਪੈਕਟਰ ਦਿਨੇਸ਼ ਕੁਮਾਰ ਦੀ ਯੋਗ ਅਗਵਾਈ ਵਿੱਚ ਸਾਂਝ ਕੇਂਦਰ ਥਾਣਾ ਲੰਬੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਸਹਿਣਾ ਖੇੜਾ ਵਿਖੇ ਚੈਰੀਟੇਬਲ ਪ੍ਰੋਗਰਾਮ ਤਹਿਤ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਤਕਸੀਮ ਕੀਤੀ ਗਈ। ਇਸ ਮੌਕੇ ਏ.ਐੱਸ.ਆਈ. ਅਮਨਪ੍ਰੀਤ ਸਿੰਘ ਤੇ ਸੀਨੀ. ਸਿਪਾਹੀ ਗੁਰਤੇਜ ਸਿੰਘ ਸਾਂਝ ਕੇਂਦਰ ਸਟਾਫ ਹਾਜ਼ਰ ਸੀ। ਸਾਂਝ ਕੇਂਦਰ ਦੀ ਟੀਮ ਦਾ ਸਕੂਲ ਹੈੱਡ ਟੀਚਰ ਬਲਜਿੰਦਰ ਕੁਮਾਰ ਤੇ ਸਮਾਜਸੇਵੀ ਗੁਰਸੇਵਕ ਸਿੰਘ ਬਰਾੜ ਸਹਿਣਾ ਖੇੜਾ, ਤੇਜਪਾਲ ਸਿੰਘ ਲੰਬੀ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਸੰਧਵਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਫਰੀਦਕੋਟ/ਕੋਟਕਪੂਰਾ (ਐਲਿਗਜ਼ੈਂਡਰ ਡਿਸੂਜਾ/ਰਛਪਾਲ ਭੁੱਲਰ)

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀ ਡੀ ਪੀ ਓ ਦਫਤਰ ਕੋਟਕਪੂਰਾ ਵਿਖੇ ਪੁੱਜ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦਾ ਭਰੋਸਾ ਵੀ ਦਿਵਾਇਆ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪਿੰਡਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਸਪੀਕਰ ਪੰਜਾਬ ਵਿਧਾਨ ਸਭਾ ਨੇ ਹਰ ਆਮ ਤੇ ਖਾਸ ਦੀਆਂ ਮੁਸ਼ਕਲਾਂ ਤੇ ਸੁਝਾਅ ਸੁਣੇ ਅਤੇ ਉਨ੍ਹਾਂ ਦੇ ਢੁੱਕਵੇਂ ਹੱਲ ਕੱਢਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਬੁਨਿਆਦੀ ਸਹੂਲਤਾਂ ਸਬੰਧੀ ਪੁਲਸ ਵਿਭਾਗ, ਮਾਲ ਵਿਭਾਗ ਨਾਲ ਸਬੰਧਤ ਤੇ ਆਮ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦਾ ਮੌਕੇ ਤੇ ਹਾਜ਼ਰ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਤੁਰੰਤ ਹੱਲ ਕੱਢਣ ਦੀ ਹਦਾਇਤ ਕੀਤੀ।

ਹਰਸਿਮਰਤ ਵੱਲੋਂ ਮੁਖਤਿਆਰ ਸਿੰਘ ਦੇ ਪਰਵਾਰ ਨਾਲ ਦੁੱਖ ਸਾਂਝਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ ਤੇ ਉਨ੍ਹਾਂ ਨਾਲ ਸੀਨੀਅਰ ਅਕਾਲੀ ਆਗੂ ਜਗਸੀਰ ਸਿੰਘ ਜੱਗਾ ਕਲਿਆਣ, ਹਲਕਾ ਭੁੱਚੋ ਦੇ ਇੰਚਾਰਜ ਮਾਨ ਸਿੰਘ ਗੁਰੂ ਤੇ ਡਾ. ਦਲਜੀਤ ਸਿੰਘ ਗੁਰੂ ਨੇ ਲਹਿਰਾ ਮੁਹੱਬਤ ਵਿਖੇ ਸਹਿਕਾਰੀ ਸਭਾ ਦੇ ਸਾਬਕਾ ਪ੍ਰਧਾਨ ਤੇ ਟਕਸਾਲੀ ਅਕਾਲੀ ਆਗੂ ਸਵ: ਮੁਖਤਿਆਰ ਸਿੰਘ, ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਘਰ ਪਹੁੰਚ ਕੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਬੀਬਾ ਬਾਦਲ ਨੇ ਸਵ: ਮੁਖਤਿਆਰ ਸਿੰਘ ਦੀ ਧਰਮਪਤਨੀ ਮੁਖਤਿਆਰ ਕੌਰ, ਉਨ੍ਹਾਂ ਦੇ ਸਪੁੱਤਰਾਂ ਸੁਖਮੰਦਰ ਸਿੰਘ, ਕਰਮਜੀਤ ਸਿੰਘ ਨਿਕੜਾ, ਨਿਰਮਲ ਸਿੰਘ ਤੇ ਸਵ: ਨੈਬ ਸਿੰਘ ਦੇ ਪਰਿਵਾਰ ਨਾਲ ਸ਼ੋਕ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਵਾਹਿਗੁਰੂ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਜਥੇ. ਸੁਖਪਾਲ ਸਿੰਘ ਸੁੱਖੀ ਸਾਬਕਾ ਸਰਪੰਚ, ਜਸਪਾਲ ਸਿੰਘ ਸਾਬਕਾ ਸਰਪੰਚ, ਨਛੱਤਰ ਸਿੰਘ ਸਾਬਕਾ ਸਰਪੰਚ, ਸੱਤਪਾਲ ਸਿੰਘ ਸਾਬਕਾ ਪੰਚ, ਗੁਰਦੀਪ ਸਿੰਘ ਤੇ ਪ੍ਰਕਾਸ਼ ਸਿੰਘ ਆਦਿ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

ਮੈਕਸੀਕੋ ਤੋਂ ਨੌਜਵਾਨ ਦੀ ਮ੍ਰਿਤਕ ਦੇਹ 25 ਦਿਨਾਂ ਬਾਅਦ ਭਾਰਤ ਪੁੱਜੀ

ਗੁਰਦਾਸਪੁਰ (ਦਿਨੇਸ਼ ਕੁਮਾਰ)

ਇੱਕ ਪਾਸੇ ਜਿੱਥੇ ਪੂਰੇ ਭਾਰਤ ਵਿੱਚ ਰੱਖੜੀ ਬੰਧਨ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ ਉੱਥੇ ਹੀ ਦੂਜੇ ਪਾਸੇ ਕਸਬਾ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਬਗੜੀਆ ਵਿੱਚ ਭੈਣਾਂ ਨੂੰ ਉਸ ਸਮੇਂ ਬਹੁਤ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮ੍ਰਿਤਕ ਭਰਾ ਦੀ ਲਾਸ਼ ਮੈਕਸੀਕੋ ਤੋਂ ਕਰੀਬ 25 ਦਿਨਾਂ ਬਾਅਦ ਇੱਕ ਡੱਬੇ ਵਿੱਚ ਘਰ ਪਹੁੰਚੀ। ਆਪਣੇ ਭਰਾ ਦੀ ਲਾਸ਼ ਦੇਖ ਕੇ ਭੈਣਾਂ ਅਤੇ ਪਰਿਵਾਰ 'ਚ ਮਾਤਮ ਛਾ ਗਿਆ ਅਤੇ ਪੂਰਾ ਪਿੰਡ ਸੋਗ ਵਿੱਚ ਡੁੱਬ ਗਿਆ। ਜ਼ਿਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਇਸੇ ਮਹੀਨੇ ਅਮਰੀਕਾ ਲਈ ਘਰੋਂ ਖੁਸ਼ੀ ਖੁਸ਼ੀ ਰਵਾਨਾ ਹੋਇਆ ਸੀ ਕਿ ਮੈਕਸੀਕੋ ਵਿੱਚ ਇੱਕ ਸੜਕ ਹਾਦਸੇ ਦੌਰਾਨ ਉਸਦੀ ਮੌਤ ਹੋ ਗਈ ਸੀ। ਸੰਸਦ ਮੈਂਬਰ ਸੰਨੀ ਦਿਓਲ ਨੇ ਨੌਜਵਾਨ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਕਾਫੀ ਉਪਰਾਲੇ ਕੀਤੇ, ਜਿਸ ਦੀ ਪੂਰੇ ਪਿੰਡ 'ਚ ਕਾਫੀ ਸ਼ਲਾਘਾ ਹੋ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਗੁਰਪਾਲ ਸਿੰਘ ਪੁੱਤਰ ਬਲਵਿੰਦਰ

■ ਅਮਰੀਕਾ ਜਾਂਦੇ ਸਮੇਂ ਸੜਕ ਹਾਦਸੇ 'ਚ ਹੋਈ ਸੀ ਮੌਤ

ਸਿੰਘ ਵਾਸੀ ਪਿੰਡ ਬਗੜੀਆ ਦੇ ਚਾਚਾ ਸ਼ਮਿੰਦਰ ਸਿੰਘ ਨੇ ਦੱਸਿਆ ਕਿ ਗੁਰਪਾਲ ਸਿੰਘ ਪੋਸਟ ਗ੍ਰੈਜੂਏਟ ਸੀ ਅਤੇ ਬੇਰੁਜ਼ਗਾਰ ਸੀ, ਜਿਸ ਨੂੰ ਏਜੰਟ ਰਾਹੀਂ ਅਮਰੀਕਾ ਭੇਜਿਆ ਗਿਆ ਸੀ। ਜਿਸ ਬੱਸ ਰਾਹੀਂ ਗੁਰਪਾਲ ਸਿੰਘ ਅਮਰੀਕਾ ਜਾ ਰਿਹਾ ਸੀ, ਉਹ ਬੱਸ ਮੈਕਸੀਕੋ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਗੁਰਪਾਲ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਹੈ। ਉਨ੍ਹਾਂ ਦੱਸਿਆ ਕਿ ਗੁਰਪਾਲ ਸਿੰਘ ਦੀ ਮੌਤ ਦੀ ਖਬਰ ਮਿਲਦਿਆਂ ਹੀ ਪਰਿਵਾਰ ਵਿੱਚ ਮਾਤਮ ਛਾ ਗਿਆ ਅਤੇ ਪਰਿਵਾਰ ਨੇ ਆਪਣੇ ਪੁੱਤਰ ਨੂੰ ਵਾਪਸ ਘਰ ਲਿਆਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਇਸ ਦੌਰਾਨ ਏਜੰਟਾਂ ਨੇ ਗੁਰਪਾਲ ਸਿੰਘ ਦੀ ਲਾਸ਼ ਭਾਰਤ ਲਿਆਉਣ ਲਈ ਕਰੀਬ 15-16 ਲੱਖ ਰੁਪਏ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਨੇ ਆਪਣੇ ਇਲਾਕੇ ਦੇ ਭਾਜਪਾ ਆਗੂ ਅਜੇ ਕੁਮਾਰ ਨਾਲ ਸੰਪਰਕ ਕੀਤਾ। ਚਾਚਾ ਸ਼ਮਿੰਦਰ ਸਿੰਘ ਨੇ ਦੱਸਿਆ ਕਿ ਅਜੇ ਕੁਮਾਰ ਨੇ ਸੰਸਦ ਮੈਂਬਰ ਸੰਨੀ ਦਿਓਲ ਨਾਲ ਸੰਪਰਕ ਕਰਕੇ ਸਾਨੂੰ ਪੂਰਾ ਸਹਿਯੋਗ ਦਿੱਤਾ ਅਤੇ ਅੱਜ ਸਾਨੂੰ ਸਾਡੇ ਪੁੱਤਰ ਗੁਰਪਾਲ ਸਿੰਘ ਦੀ ਲਾਸ਼ ਮਿਲੀ। ਇਸ ਮੌਕੇ ਠਾਕੁਰ ਬਲਰਾਜ ਸਿੰਘ, ਕਿਸਾਨ ਆਗੂ ਗੁਰਪ੍ਰਤਾਪ ਸਿੰਘ ਅਤੇ ਅਜੇ ਕੁਮਾਰ ਆਦਿ ਵੀ ਹਾਜ਼ਰ ਸਨ।

ਸ਼ਤਰੰਜ ਟੂਰਨਾਮੈਂਟ 'ਚ ਮਾਤਾ ਸਾਹਿਬ ਕੌਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)-ਜ਼ਿਲ੍ਹਾ ਸਿੱਖਿਆ ਅਧਿਕਾਰੀ, ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਜ਼ੋਨ ਲੈਵਲ ਸ਼ਤਰੰਜ ਟੂਰਨਾਮੈਂਟ ਸਰਕਾਰੀ ਸਮਾਰਟ ਸਕੂਲ ਛਾਂਗਾ ਰਾਏ ਉਤਾੜ 'ਚ ਹੋਇਆ। ਇਸ ਮੌਕੇ ਸਕੂਲ ਸਪੋਰਟਸ ਕਮੇਟੀ ਜ਼ੋਨ ਗੁਰ

30-Aug-PAGE- 3 qxd.qxd 8/29/2023 9:49 PM Page 1

ਘੜੂੰਮ ਨੇੜੇ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਦਾ ਕੰਮ ਮੁਕੰਮਲ

* ਸੰਤ ਬਾਬਾ ਸੁੱਖਾ ਸਿੰਘ ਕਾਰਸੇਵਾ ਸਰਹਾਲੀ ਕਲਾਂ ਵਾਲਿਆਂ ਨੂੰ ਕੀਤਾ ਸਨਮਾਨਿਤ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸਥਾਨਕ ਲੋਕਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ, ਸਮੂਹ ਸੰਗਤਾਂ ਨੇ ਸਹਿਯੋਗ ਨਾਲ ਅਤੇ ਸੰਤ ਬਾਬਾ ਸੁੱਖਾ ਸਿੰਘ ਜੀ ਕਾਰਸੇਵਾ ਸਰਹਾਲੀ ਕਲਾਂ ਦੀ ਅਗਵਾਈ ਹੇਠ ਅੱਜ 10ਵੇਂ ਦਿਨ ਦਰਿਆ ਸਤਲੁਜ ਕਿਨਾਰੇ ਪਿੰਡ ਘੜੂੰਮ ਦੇ ਨੇੜੇ ਧੁੱਸੀ ਬੰਨ੍ਹ ਵਿੱਚ ਪਏ ਪਾੜ ਨੂੰ ਪੂਰਨ ਦਾ ਕੰਮ ਮੁਕੰਮਲ ਹੋ ਗਿਆ ਹੈ

। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਆਈ. ਏ. ਐੱਸ. ਨੇ ਦੱਸਿਆ ਕਿ ਇਸ ਬੰਨ੍ਹ ਨੂੰ ਪੂਰਨ ਕਰਨ ਦਾ ਕੰਮ ਇੰਨੇ ਘੱਟ ਸਮੇਂ ਵਿੱਚ ਮੁਕੰਮਲ ਕਰਨਾ ਸਿਰਫ਼ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਅਤੇ ਸਮੂਹ ਸੰਗਤਾਂ ਨੇ ਸਹਿਯੋਗ ਸਦਕਾ ਹੀ ਸੰਭਵ ਹੋਇਆ ਹੈ। ਇਸ ਬੰਨ੍ਹ ਨੂੰ ਪੂਰਨ ਦਾ ਕੰਮ ਮੁਕੰਮਲ ਹੋਣ ਤੇ ਅੱਜ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਅਤੇ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਵੱਲੋਂ ਚੇਅਰਮੈਨ ਮਾਰਕੀਟ ਕਮੇਟੀ ਹਰੀਕੇ ਦਿਲਬਾਗ਼ ਸਿੰਘ ਨੇ ਬੰਨ੍ਹ 'ਤੇ ਪਹੁੰਚ ਕੇ ਸੰਤ ਬਾਬਾ ਸੁੱਖਾ ਸਿੰਘ ਜੀ ਕਾਰਸੇਵਾ ਸਰਹਾਲੀ ਕਲਾਂ ਵਾਲਿਆਂ ਨੂੰ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੀਤੀ 19 ਅਗਸਤ ਨੂੰ ਇਸ ਬੰਨ੍ਹ ਵਿੱਚ ਪਾੜ ਪੈ ਗਿਆ, ਜਿਸ ਨਾਲ ਇਲਾਕੇ ਦੇ ਲੱਗਭਗ 19 ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ ਬੰਨ੍ਹ ਵਿੱਚ ਲੱਗਭੱਗ 440 ਫੁੱਟ ਪਾੜ ਪੈ ਗਿਆ ਸੀ, ਜਿਸ ਸਥਾਨਕ ਲੋਕਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ, ਸਮੂਹ ਸੰਗਤਾਂ ਨੇ ਸਹਿਯੋਗ ਨਾਲ ਪੂਰ ਦਿੱਤਾ ਗਿਆ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਬੰਨ੍ਹ ਨੂੰ ਹੋਰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋੜੀਂਦੇ ਕਾਰਜ ਕਰਵਾਏ ਜਾਣਗੇ, ਜਿਸ ਲਈ ਡਰੇਨੇਜ਼ ਵਿਭਾਗ ਨੂੰ ਲੋੜੀਂਦੇ ਆਦੇਸ਼ ਦਿੱਤੇ ਗਏ ਹਨ।

ਇਸ ਮੌਕੇ ਸੰਤ ਬਾਬਾ ਸੁੱਖਾ ਸਿੰਘ ਜੀ ਕਾਰਸੇਵਾ ਸਰਹਾਲੀ ਕਲਾਂ ਵਾਲਿਆਂ ਨੇ ਪੰਜਾਬ ਦੇ ਕੋਨੇ-ਕੋਨੇ ਵਿੱਚੋਂ ਆਈ ਸੰਗਤ, ਸਥਾਨਕ ਲੋਕਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਇਸ ਬੰਨ੍ਹ ਨੂੰ ਪੂਰਨ ਲਈ ਤਨੋਂ, ਮਨੋਂ ਅਤੇ ਧਨੋਂ ਸਹਿਯੋਗ ਦੇਣ ਤੇ ਕੋਟਿ-ਕੋਟਿ ਧੰਨਵਾਦ ਕੀਤਾ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ।

ਇਸ ਮੌਕੇ ਜ਼ਿਲਾ ਪ੍ਰਸ਼ਾਸਨ ਅਧਿਕਾਰੀ, ਬਾਬਾ ਸੁਰਜੀਤ ਸਿੰਘ ਝਾੜ ਸਾਹਿਬ ਕੈਰੋ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਲਖਵਿੰਦਰ ਸਿੰਘ ਸਭਰਾ, ਸੋਨੂੰ ਕਿਰਤੋਵਾਲ, ਗੁਰਜੀਤ ਸਿੰਘ ਸ਼ਾਹ, ਬਿੱਲਾ ਜੋਸਨ, ਸੰਦੀਪ ਸੋਹਲ, ਸੁਖਵਿੰਦਰ ਸਿੰਘ, ਗੁਲਸ਼ਨ ਮਲਹੋਤਰਾ, ਗੁਰਵਿੰਦਰ ਸਿੰਘ, ਸਾਬ ਠੱਕਰਪੁਰਾ, ਸਤਨਾਮ ਸਿੰਘ ਆਦਿ ਹਾਜ਼ਰ ਸਨ।

ਲੁਟੇਰਿਆਂ ਨੇ 25 ਹਜ਼ਾਰ ਦੀ ਨਕਦੀ ਤੇ ਸੋਨੇ ਦੀ ਚੇਨ ਖੋਹੀ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਸ਼ਹਿਰ ਵਿੱਚ ਦਿਨੋਂ ਦਿਨ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਕਾਰਨ ਲੋਕ ਪੁਲਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਾ ਰਹੇ ਹਨ। ਲੁਟੇਰਿਆਂ ਨੇ ਸ਼ਹਿਰ ਦੇ ਮੁੱਖ ਖੇਤਰ ਸਿਵਲ ਲਾਈਨਜ਼ ਰੋਡ 'ਤੇ ਇੱਕ ਵਿਅਕਤੀ ਤੋਂ 25 ਹਜ਼ਾਰ ਰੁਪਏ ਦੀ ਨਕਦੀ ਅਤੇ ਸੋਨੇ ਦੀ ਚੇਨ ਲੁੱਟ ਲਈ। ਇਸੇ ਤਰ੍ਹਾਂ ਸੰਗਲਪੁਰਾ ਰੋਡ ਤੋਂ ਚੋਰ ਇੱਕ ਸਵਿਫਟ ਕਾਰ ਦੇ ਚਾਰੇ ਟਾਇਰ ਚੋਰੀ ਕਰਕੇ ਫਰਾਰ ਹੋ ਗਏ। ਸਥਾਨਕ ਸਿਵਲ ਲਾਈਨ ਰੋਡ 'ਤੇ ਸਥਿਤ ਰਿਗਾਲੀਆ ਹੋਟਲ ਨੇੜੇ ਲੁੱਟ ਦਾ ਸ਼ਿਕਾਰ ਹੋਏ ਨੌਜਵਾਨ ਸੰਮੀ ਪਾਲ ਪੁੱਤਰ ਬੀਰਾ ਲਾਲ ਵਾਸੀ ਪਿੰਡ ਆਲੇਚੱਕ ਦੇ ਭਰਾ ਰਿਸ਼ੀਪਾਲ ਨੇ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਥਾਣਾ ਸਿਟੀ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਨ੍ਹਾਂ ਘਰ ਵਿਚ ਕੰਮ ਸ਼ੁਰੂ ਕੀਤਾ ਹੋਇਆ ਹੈ ਜਿਸ ਕਾਰਨ ਉਸ ਨੇ ਆਪਣੇ ਭਰਾ ਸੰਮੀ ਪਾਲ ਨੂੰ ਪੈਸੇ ਦਿੱਤੇ ਸਨ ਤਾਂ ਜੋ ਉਹ ਘਰ ਆਉਂਦੇ ਸਮੇਂ ਬਾਜ਼ਾਰ ਤੋਂ ਸਾਮਾਨ ਲੈ ਕੇ ਆਵੇ। ਰਿਸ਼ੀਪਾਲ ਨੇ ਦੱਸਿਆ ਕਿ ਉਸ ਦਾ ਭਰਾ ਸੰਮੀ ਪਾਲ ਆਰ. ਪੀ. ਅਰੋੜਾ ਹਸਪਤਾਲ 'ਚ ਰਾਤ ਦੀ ਡਿਊਟੀ ਦੇਣ ਤੋਂ ਬਾਅਦ ਸਵੇਰੇ 9.15 ਵਜੇ ਦੇ ਕਰੀਬ ਆਪਣੀ ਬਾਈਕ 'ਤੇ ਇਕ ਵਿਅਕਤੀ ਨੂੰ ਟੀਕਾ ਲਗਵਾਉਣ ਜਾ ਰਿਹਾ ਸੀ। ਜਦੋਂ ਉਹ ਰਿਗਾਲੀਆ ਹੋਟਲ ਦੇ ਸਾਹਮਣੇ ਵਾਲੀ ਗਲੀ ਕੋਲ ਪਹੁੰਚਿਆ ਤਾਂ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਲੁਟੇਰਿਆਂ ਨੇ ਉਸ ਨੂੰ ਰੋਕ ਲਿਆ। ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਕੋਲੋਂ 25 ਹਜ਼ਾਰ ਰੁਪਏ ਦੀ ਨਕਦੀ ਅਤੇ ਸੋਨੇ ਦੀ ਚੇਨ ਲੁੱਟ ਕੇ ਫਰਾਰ ਹੋ ਗਏ। ਇਸ ਝਗੜੇ ਵਿੱਚ ਉਸ ਦਾ ਭਰਾ ਜ਼ਖਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਰਿਸ਼ੀਪਾਲ ਨੇ ਦੱਸਿਆ ਕਿ ਲੁੱਟ ਦੀ ਵਾਰਦਾਤ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਚੋਰੀ ਦੀ ਦੂਜੀ ਘਟਨਾ ਸੰਗਲਪੁਰਾ ਰੋਡ 'ਤੇ ਵਾਪਰੀ, ਜਿੱਥੇ ਰਾਤ ਸਮੇਂ ਚੋਰ ਇੱਕ ਸਵਿਫਟ ਕਾਰ ਦੇ ਚਾਰੇ ਟਾਇਰ ਚੋਰੀ ਕਰਕੇ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰ ਮਾਲਕ ਰਾਜੀਵ ਕੁਮਾਰ ਵਾਸੀ ਨੰਗਲ ਕੋਟਲੀ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਰਾਤ ਨੂੰ ਆਪਣੀ ਕਾਰ ਸਵਿਫਟ ਸੰਗਲਪੁਰਾ ਰੋਡ 'ਤੇ ਲਗਾ ਕੇ ਘਰ ਚਲਾ ਗਿਆ। ਉਸ ਨੇ ਦੱਸਿਆ ਕਿ ਉਸ ਨੂੰ ਉਸ ਦੇ ਇਕ ਜਾਣਕਾਰ ਨੇ ਦੱਸਿਆ ਕਿ ਉਸ ਦੀ ਕਾਰ ਦੇ ਚਾਰੇ ਟਾਇਰ ਗਾਇਬ ਹਨ ਅਤੇ ਜਦੋਂ ਉਸ ਨੇ ਮੌਕੇ 'ਤੇ ਆ ਕੇ ਦੇਖਿਆ ਤਾਂ ਚੋਰਾਂ ਨੇ ਉਸ ਦੀ ਕਾਰ ਨੂੰ ਇੱਟਾਂ ਦੇ ਸਹਾਰੇ ਖੜ੍ਹੀ ਕਰਕੇ ਚਾਰੇ ਟਾਇਰ ਚੋਰੀ ਕਰ ਲਏ ਸਨ। ਸ਼ਹਿਰ ਵਾਸੀਆਂ ਨੇ ਐੱਸਐੱਸਪੀ ਗੁਰਦਾਸਪੁਰ ਤੋਂ ਮੰਗ ਕੀਤੀ ਹੈ ਕਿ ਸਹਿਰ ਵਿੱਚ ਵਾਪਰ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਸਖਤੀ ਨਾਲ ਰੋਕਿਆ ਜਾਵੇ।

ਬਲਵਿੰਦਰ ਸਿੰਘ ਨੇ ਬੁਤਾਲਾ ਪੁਲਸ ਚੌਕੀ ਦਾ ਚਾਰਜ ਸੰਭਾਲਿਆ

ਬੁਤਾਲਾ (ਨਿਰਮਲ ਸਿੰਘ ਸੰਘਾ)-ਪੰਜਾਬ ਪੁਲਸ ਦਿਹਾਤੀ ਦੇ ਐੱਸਐੱਸਪੀ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਵੱਖ-ਵੱਖ ਪੁਲਸ ਚੌਕੀਆਂ ਦੇ ਇੰਚਾਰਜਾਂ ਦੀ ਬਦਲੀ ਕੀਤੀ ਗਈ। ਇਸ ਬਦਲੀ ਦੌਰਾਨ ਪਿੰਡ ਬੁਤਾਲਾ ਦੇ ਨਵੇਂ ਚੌਕੀ ਇੰਚਾਰਜ ਬਲਵਿੰਦਰ ਸਿੰਘ ਨੂੰ ਲਾਇਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਮੇਰੇ ਤੋਂ ਪਹਿਲਾਂ ਇਸ ਚੌਕੀ ਦਾ ਇੰਚਾਰਜ ਤੇਜਿੰਦਰ ਸਿੰਘ ਸੀ ਜਿਨ੍ਹਾਂ ਦੀ ਬਦਲੀ ਥਾਣਾ ਖਿਲਚੀਆਂ ਵਿਖੇ ਹੋ ਗਈ ਹੈ। ਚੌਕੀ ਇੰਚਾਰਜ ਬਲਵਿੰਦਰ ਸਿੰਘ ਨੇ ਕਿਹਾ ਕਿ ਮਾੜੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਦੇ ਏਐੱਸਆਈ ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਸਪੈਸ਼ਲ ਨਾਕਾਬੰਦੀ ਦੇ ਸੰਬੰਧ ਵਿਚ ਨੇੜੇ ਸ਼ਾਹ ਪੈਟਰੋਲ ਪੰਪ ਜੀਟੀ ਰੋਡ ਧਾਰੀਵਾਲ ਤੋਂ ਦੋਸ਼ੀ ਮਨਜੀਤ ਸਿੰਘ ਉਰਫ ਨਿੱਕਾ ਪੁੱਤਰ ਲੇਟ ਵੀਰ ਸਿੰਘ ਵਾਸੀ ਫੱਤੇ ਨੰਗਲ ਨੂੰ ਸ਼ੱਕ ਦੇ ਆਧਾਰ 'ਤੇ ਮੋਟਰਸਾਈਕਲ ਮਾਰਕਾ ਸਪਲੈਂਡਰ ਬਿਨ੍ਹਾਂ ਨੰਬਰੀ ਸਮੇਤ ਕਾਬੂ ਕੀਤਾ। ਪੁੱਛਗਿੱਛ ਦੌਰਾਨ ਦੋਸ਼ੀ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਨੇ ਕੁੱਝ ਸਮਾਂ ਪਹਿਲਾਂ ਚੋਰੀ ਕੀਤਾ ਸੀ, ਜਿਸ ਨੂੰ ਅੱਜ ਵੇਚਣ ਲਈ ਬਟਾਲਾ ਸਾਈਡ ਨੂੰ ਜਾ ਰਿਹਾ ਸੀ। ਥਾਣਾ ਧਾਰੀਵਾਲ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ 379 ਅਤੇ 411 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮੁਸਲਿਮ ਭਾਈਚਾਰੇ ਨੇ ਦਿਖਾਈ ਫਰਾਖਦਿਲੀ

ਚੋਹਲਾ ਸਾਹਿਬ (ਰਮਨ ਚੱਢਾ)-ਜ਼ਿਲ੍ਹਾ ਤਰਨਤਾਰਨ ਦੇ ਪਿੰਡ ਘੜਕਾ ਵਿਖੇ ਮੰਡ ਖੇਤਰ ਵਿੱਚ ਘਰਾਂ ਵਿੱਚ ਵੱਸਦੇ ਕਿਸਾਨ ਭਰਾਵਾਂ ਦਾ ਮਾਲ ਡੰਗਰ ਅਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਗਿਆ। ਇਹ ਕੰਮ ਸੇਵਾ ਭਾਵਨਾ ਨਾਲ ਪਿੰਡ ਦੇ ਹੀ ਮੁਸਲਮਾਨ ਪਰਿਵਾਰ ਨਾਲ ਸਬੰਧਤ ਵੀਰ ਕਸਮ ਅਲੀ, ਯੂਸਫ਼ ਅਲੀ, ਮੁਸ਼ਤਾਕ ਅਲੀ, ਆਰਿਫ਼ ਅਲੀ ਅਤੇ ਕਾਸ਼ੂ ਅਲੀ ਨੇ ਕੀਤਾ। ਇਹ ਜਾਣਕਾਰੀ ਨੰਬਰਦਾਰ ਜਗਜੀਤ ਸਿੰਘ ਅਤੇ ਸਤਨਾਮ ਸਿੰਘ ਸ਼ਾਹ ਵੱਲੋਂ ਸਾਂਝੇ ਰੂਪ ਵਿੱਚ ਪੱਤਰਕਾਰਾਂ ਨੂੰ ਦਿੱਤੀ ਗਈ। ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਵੀਰ ਦਰਿਆ ਵਿਚੋਂ ਮੱਛੀਆਂ ਫੜਨ ਦਾ ਕੰਮ ਕਰਦੇ ਹਨ ਅਤੇ ਲਗਭਗ ਆਪਣੀਆਂ 10-15 ਬੇੜੀਆਂ ਲੈ ਕੇ ਦਿਨ-ਰਾਤ ਇਨ੍ਹਾਂ ਨੇ ਸੇਵਾ ਕੀਤੀ ਅਤੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। ਇਸ ਨੇਕਦਿਲੀ ਲਈ ਪਿੰਡ ਦੇ ਮੋਹਤਬਰ ਸੱਜਣ ਨੇ ਇਨ੍ਹਾਂ ਵੀਰਾਂ ਦੀ ਇਸ ਸੇਵਾ ਭਾਵਨਾ ਲਈ ਦਿਲੋਂ ਧੰਨਵਾਦ ਕੀਤਾ। ਇਸ ਸਮੇਂ ਸਤਨਾਮ ਸਿੰਘ ਸਾਹ ਲਖਵਿੰਦਰ ਸਿੰਘ ਬੱਲ ਸਤਨਾਮ ਸਿੰਘ ਬੱਲ ਕੁਲਵੰਤ ਸਿੰਘ ਜੁਝਾਰ ਸਿੰਘ ਅਤੇ ਜੁਗਜੀਤ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ

ਡਾ. ਹਿਮਾਂਸ਼ੂ ਅਗਰਵਾਲ ਨੇ ਨਵੇਂ ਬੱਸ ਸਟੈਂਡ ਦੀ ਉਸਾਰੀ ਦਾ ਲਿਆ ਜਾਇਜ਼ਾ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਗੁਰਦਾਸਪੁਰ ਸ਼ਹਿਰ ਵਿੱਚ ਬਣਾਏ ਜਾ ਰਹੇ ਨਵੇਂ ਬੱਸ ਸਟੈਂਡ ਦੀ ਉਸਾਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਨਵੇਂ ਬੱਸ ਸਟੈਂਡ ਪਹੁੰਚ ਕੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨਾਂ ਨਾਲ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਜੀਵ ਸ਼ਰਮਾਂ, ਈਓ ਨਗਰ ਸੁਧਾਰ ਟਰੱਸਟ ਅਤੇ ਹੋਰ ਅਧਿਕਾਰੀ ਤੇ ਠੇਕੇਦਾਰ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਸ ਸਟੈਂਡ ਦੀ ਉਸਾਰੀ ਵਿੱਚ ਜੋ ਵੀ ਕੰਮ ਰਹਿ ਗਿਆ ਹੈ ਉਸ ਨੂੰ ਜਲਦ ਮੁਕੰਮਲ ਕਰ ਲਿਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਬੱਸ ਸਟੈਂਡ ਵਿੱਚ ਬੱਸਾਂ ਦੇ ਅੰਦਰ-ਬਾਹਰ ਜਾਣ ਦੇ ਰਸਤੇ ਅਤੇ ਰੁਕਣ ਦੀਆਂ ਥਾਵਾਂ ਨੂੰ ਚੈੱਕ ਕਰ ਲਿਆ ਜਾਵੇ। ਇਸਦੇ ਨਾਲ ਹੀ ਯਾਤਰੂਆਂ ਦੀ ਸਹੂਲਤ ਲਈ ਈ-ਰਿਕਸ਼ਾ, ਦੋ-ਪਹੀਆ ਵਾਹਨਾਂ ਦੀ ਪਾਰਕਿੰਗ ਆਦਿ ਦਾ ਵੀ ਪਹਿਲਾਂ ਹੀ ਪ੍ਰਬੰਧ ਕਰ ਲਿਆ ਜਾਵੇ ਤਾਂ ਜੋ ਕਿਸੇ ਨੂੰ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਇਸ ਬੱਸ ਸਟੈਂਡ ਦਾ ਉਦਘਾਟਨ ਕਰਕੇ ਇਸ ਨੂੰ ਲੋਕ ਅਰਪਣ ਕੀਤਾ ਜਾਵੇਗਾ। ਇਸ ਮੌਕੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਜੀਵ ਸ਼ਰਮਾ ਨੇ ਕਿਹਾ ਕਿ ਗੁਰਦਾਸਪੁਰ ਦਾ ਨਵਾਂ ਬੱਸ ਸਟੈਂਡ ਇਲਾਕੇ ਦੇ ਲੋਕਾਂ ਲਈ ਵੱਡੀ ਸਹੂਲਤ ਸਾਬਤ ਹੋਵੇਗਾ।

ਸਬ-ਤਹਿਸੀਲ ਝਬਾਲ ਵਿਖੇ ਨਾਇਬ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

ਝਬਾਲ (ਮੱਖਣ ਮਨੋਜ)-ਸਬ ਤਹਿਸੀਲ ਝਬਾਲ ਦੇ ਸਮੂਹ ਵਸੀਕਾ ਨਵੀਸ, ਟਾਇਪਿਸਟ, ਕੋਲੋਨਾਈਜ਼ਰ, ਪ੍ਰਾਪਰਟੀ ਡੀਲਰ ਅਤੇ ਕਿਸਾਨ ਯੂਨੀਅਨ ਨੇ ਮੰਗਲਵਾਰ ਨੂੰ ਸਬ ਤਹਿਸੀਲ ਝਬਾਲ ਵਿਖੇ ਆਪਣੇ ਹੱਕਾਂ ਦੀ ਮੰਗ ਲੈ ਕੇ ਇੱਕਠੇ ਹੋਏ ਤੇ ਨਾਇਬ ਤਹਿਸੀਲਦਾਰ ਜਗਸੀਰ ਸਿੰਘ ਨੂੰ ਮੰਗ ਪੱਤਰ ਦਿੱਤਾ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਂਡੂ ਏਰੀਏ ਵਿੱਚ ਵੀ ਪਲਾਟਾਂ ਦੀਆਂ ਐੱਨਓਸੀ ਲਾਗੂ ਕਰ ਦਿੱਤੀ ਗਈ ਹੈ ਜੋ ਕਿ ਜਾਇਜ਼ ਨਹੀਂ ਹੈ, ਅਗਰ ਲਾਗੂ ਕਰਨੀ ਬਣਦੀ ਵੀ ਹੈ ਤਾਂ ਇਸਦਾ ਪ੍ਰੋਸੈੱਸਡ ਹਫਤੇ ਵਿੱਚ ਕੀਤਾ ਜਾਵੇ। ਇਸ ਦੇ ਨਾਲ ਸਰਕਾਰੀ ਕੁਲੈਕਟਰ ਰੇਟ ਵਿੱਚ ਵੀ 70 ਪ੍ਰਤੀਸ਼ਤ ਨਾਲ ਵਾਧਾ ਕੀਤਾ ਗਿਆ ਹੈ ਜੋ ਕਿ ਸਰਾਸਰ ਸਾਡੇ ਨਾਲ ਅਤੇ ਲੋਕਾ ਨਾਲ ਧੱਕਾ ਹੈ। ਇਸਨੂੰ ਪਹਿਲਾਂ ਦੀ ਤਰ੍ਹ ਨਾਰਮਲ ਕੀਤਾ ਜਾਵੇ। ਇਸ ਨਵੇਂ ਕਾਨੂੰਨ ਨਾਲ ਸਾਡੇ ਉਪਰੋਕਤ ਸਾਰਿਆਂ ਦੇ ਕੰਮ ਬੰਦ ਹੋ ਚੁੱਕੇ ਹਨ ਅਤੇ ਅਸੀਂ ਆਪਣੇ ਘਰਾਂ ਵਿੱਚ ਕੈਦ ਹੋ ਕੇ ਰਹਿ ਗਏ ਹਾਂ। ਸਾਡੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਕ੍ਰਿਪਾ ਕਰਕੇ ਸਾਡੇ ਉਕਤ ਮਸਲੇ ਦਾ ਹੱਲ ਕੀਤਾ ਜਾਵੇ. ਐੱਨਓਸੀ ਪੇਂਡੂ ਏਰੀਏ ਵਿੱਚ ਬੰਦ ਕੀਤੀ ਜਾਵੇ ਜਾਂ ਪੈਸੈਸਿੰਗ ਸਮਾਂ ਇੱਕ ਹਫਤੇ ਦਾ ਕੀਤਾ ਜਾਵੇ ਅਤੇ ਜੋ ਕੁਲੈਕਟਰ ਰੇਟ ਵਿੱਚ ਵਾਧਾ ਕੀਤਾ ਗਿਆ ਹੈ ਉਸਨੂੰ ਜਾਇਜ਼ ਕੀਤਾ ਜਾਵੇ। ਇਸ ਮੌਕੇ ਟਾਇਪਸਟ ਬੰਟੀ ਸੂਦ, ਸਾਬਕਾ ਸਰਪੰਚ ਜਸਬੀਰ ਸਿੰਘ ਸਵਰਗਾਪੁਰੀ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਹੈਪੀ ਵਸੀਕਾ, ਬਾਊ ਪਰੋਸ਼ਤਮ ਕੁਮਾਰ, ਮਨਜੀਤ ਸਿੰਘ ਝਬਾਲ, ਗੁਰਬਖਸ਼

30-Aug-PAGE-4.qxd 8/29/2023 9:45 PM Page 1

ਨਵਾਂ ਜ਼ਮਾਨਾ
ਬੁੱਧਵਾਰ, 30 ਅਗਸਤ 2023

ਨ.ਫਰਤ ਦੀ ਅੱਗ

ਭਾਜਪਾ ਤੇ ਸੰਘ ਦੀ ਇੱਕ ਹੀ ਵਿਚਾਰਧਾਰਾ ਹੈ ਨ.ਫਰਤ। ਦੂਸਰੇ ਧਰਮਾਂ ਨਾਲ ਨ.ਫਰਤ, ਹੇਠਲੀਆਂ ਜਾਤਾਂ ਨਾਲ ਨ.ਫਰਤ ਤੇ ਇਸਤਰੀ ਜਾਤੀ ਨਾਲ ਨ.ਫਰਤ। ਪਿਛਲੇ ਦਸ ਸਾਲਾਂ ਵਿੱਚ ਫੈਲਾਈ ਗਈ ਇਹ ਨ.ਫਰਤ ਪਿੰਡਾਂ, ਘਰਾਂ ਤੋਂ ਸਕੂਲਾਂ ਤੱਕ ਪੁੱਜ ਚੁੱਕੀ ਹੈ। ਕੋਈ ਦਿਨ ਨਹੀਂ ਹੁੰਦਾ, ਜਦੋਂ ਨ.ਫਰਤ ਦੀਆਂ ਘਟਨਾਵਾਂ ਨਾ ਵਾਪਰਦੀਆਂ ਹੋਣ।

ਯੂ ਪੀ ਦੇ ਮੁਜ਼ੱਫਰਨਗਰ ਦੇ ਇੱਕ ਸਕੂਲ ਦੀ ਅਧਿਆਪਕਾ ਤੇ ਸੰਚਾਲਕਾ ਤ੍ਰਿਪਤਾ ਤਿਆਗੀ ਦਾ ਇੱਕ ਵੀਡੀਓ ਵਾਇਰਲ ਹੋਇਆ ਹੈ। ਵੀਡੀਓ ਵਿੱਚ ਕੁਰਸੀ 'ਤੇ ਬੈਠੀ ਅਧਿਆਪਕਾ 8 ਸਾਲ ਦੇ ਮੁਸਲਿਮ ਲੜਕੇ ਨੂੰ ਉਸ ਦੇ ਸਹਿਪਾਠੀਆਂ ਤੋਂ ਥੱਪੜ ਮਰਵਾ ਰਹੀ ਹੈ। ਉਹ ਵਾਰੀ-ਵਾਰੀ ਵਿਦਿਆਰਥੀਆਂ ਨੂੰ ਸੱਦ ਕੇ ਲੜਕੇ ਦੇ ਥੱਪੜ ਮਾਰਨ ਨੂੰ ਕਹਿ ਰਹੀ ਹੈ। ਇੱਕ ਬੱਚਾ ਜਦੋਂ ਥੱਪੜ ਮਾਰ ਕੇ ਬੈਠਦਾ ਹੈ ਤਾਂ ਤਿਆਗੀ ਉਸ ਨੂੰ ਕਹਿੰਦੀ ਹੈ, 'ਤੂੰ ਐਨੀ ਹੌਲੀ ਕਿਉਂ ਮਾਰ ਰਿਹਾਂ ਜ਼ੋਰ ਨਾਲ ਮਾਰ।' ਜਦੋਂ ਲੜਕਾ ਰੋਣ ਲੱਗ ਪੈਂਦਾ ਹੈ ਤਾਂ ਤਿਆਗੀ ਕਹਿੰਦੀ ਹੈ, 'ਹੁਣ ਕਮਰ ਉੱਤੇ ਮਾਰੋ, ਮੂੰਹ ਉੱਤੇ ਨਾ ਮਾਰੋ, ਮੂੰਹ ਲਾਲ ਹੋ ਗਿਆ ਹੈ।' ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਰਾਹੁਲ ਗਾਂਧੀ ਨੇ ਟਵੀਟ ਕੀਤਾ ਸੀ, 'ਮਾਸੂਮ ਬੱਚਿਆਂ ਵਿੱਚ ਭੇਦਭਾਵ ਦਾ ਜ਼ਹਿਰ ਭਰਨਾ, ਸਕੂਲ ਵਰਗੇ ਪਵਿੱਤਰ ਸਥਾਨ ਨੂੰ ਨ.ਫਰਤ ਦੇ ਬਜ਼ਾਰ ਵਿੱਚ ਬਦਲਣਾ-ਇੱਕ ਅਧਿਆਪਕ ਦੇਸ਼ ਲਈ ਇਸ ਤੋਂ ਬੁਰਾ ਕੁਝ ਨਹੀਂ ਕਰ ਸਕਦਾ। ਇਹ ਭਾਜਪਾ ਵੱਲੋਂ ਛਿੜਕਿਆ ਗਿਆ ਕੈਰੋਸੀਨ ਹੈ, ਜਿਸ ਨੇ ਭਾਰਤ ਦੇ ਕੋਨੇ-ਕੋਨੇ ਵਿੱਚ ਅੱਗ ਲਾ ਦਿੱਤੀ ਹੈ।'

ਬੱਚਿਆਂ ਦੇ ਅਧਿਕਾਰਾਂ ਲਈ ਬਣੇ ਕੌਮੀ ਕਮਿਸ਼ਨ ਨੇ ਬੱਚੇ ਨਾਲ ਹੋਈ ਬੇਇਨਸਾਫ਼ੀ ਬਾਰੇ ਚਿੰਤਾ ਪ੍ਰਗਟ ਕਰਨ ਦੀ ਥਾਂ ਵੀਡੀਓ ਵਾਇਰਲ ਕਰਨ ਵਾਲਿਆਂ ਨੂੰ ਹੀ ਕਟਹਿਰੇ ਵਿੱਚ ਖੜ੍ਹਾ ਕਰ ਲਿਆ ਹੈ। ਇਸ ਵੀਡੀਓ ਨੂੰ ਹਜ਼ਾਰਾਂ ਲੋਕਾਂ ਨੇ ਵਾਇਰਲ ਕੀਤਾ ਹੈ, ਪਰ ਕੇਸ ਰਜਿਸਟਰਡ ਹੋਇਆ ਹੈ 'ਅਲਟਾ ਨਿਊਜ਼' ਦੇ ਮੁਹੰਮਦ ਜ਼ੁਬੇਰ ਵਿਰੁੱਧ, ਜਿਸ ਨੇ ਬਾਲ ਅਧਿਕਾਰ ਸੰਸਥਾ ਦੀ ਚਿਤਾਵਨੀ ਤੋਂ ਬਾਅਦ ਵੀਡੀਓ ਨੂੰ ਹਟਾ ਦਿੱਤਾ ਸੀ।

ਗੁਜਰਾਤ ਦੇ ਮੇਹਸਾਣਾ ਜ਼ਿਲ੍ਹੇ ਦੇ ਲੁਡਵਾ ਪਿੰਡ ਵਿੱਚ ਕੇ ਟੀ ਪਟੇਲ ਯਾਦਗਾਰੀ ਸਕੂਲ ਹੈ। ਅਜ਼ਾਦੀ ਦਿਵਸ ਦੇ ਮੌਕੇ ਉੱਤੇ ਸਕੂਲ ਵੱਲੋਂ ਦਸਵੀਂ ਵਿੱਚ ਫਸਟ ਆਉਣ ਵਾਲੇ ਬੱਚਿਆਂ ਨੂੰ ਸਨਮਾਨਤ ਕਰਨ ਲਈ ਪ੍ਰੋਗਰਾਮ ਰੱਖਿਆ ਗਿਆ ਸੀ। ਅਰਨਾਜ਼ ਬਾਨੋ ਨੇ ਦਸਵੀਂ ਵਿੱਚ ਸਭ ਤੋਂ ਵੱਧ ਨੰਬਰ ਲੈ ਕੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਸੀ। ਸਕੂਲ ਦੇ ਪ੍ਰਬੰਧਕਾਂ ਨੇ ਅਰਨਾਜ਼ ਦੇ ਮੁਸਲਮਾਨ ਹੋਣ ਕਰਕੇ ਉਸ ਦੀ ਥਾਂ ਦੂਜੇ ਨੰਬਰ ਉੱਤੇ ਆਉਣ ਵਾਲੀ ਹਿੰਦੂ ਵਿਦਿਆਰਥਣ ਨੂੰ ਸਨਮਾਨਤ ਕਰ ਦਿੱਤਾ। ਅਰਨਾਜ਼ ਦੇ ਪਰਵਾਰ ਨੇ ਮੌਕੇ ਉੱਤੇ ਹੀ ਇਸ ਦਾ ਵਿਰੋਧ ਕੀਤਾ, ਪਰ ਕਿਸੇ ਨੇ ਨਾ ਸੁਣੀ, ਕਿਉਂਕਿ ਗੁਜਰਾਤ ਨ.ਫਰਤ ਦੇ ਸ਼ਹਿਨਸ਼ਾਹ ਦੀ ਕਰਮ ਸਥੱਲੀ ਹੈ।

ਇੱਕ ਦਲਿਤ ਨੌਜਵਾਨ ਸਚਿਨ ਕੁਲਦੀਪ ਰਾਜਸਥਾਨ ਦੇ ਬਹਿਰੋੜ ਜ਼ਿਲ੍ਹੇ ਦੇ ਪਾਵਟਾ ਵਿਚਲੇ ਜਵਾਹਰ ਨਵੋਦਿਆ ਸਕੂਲ ਦਾ ਦਸਵੀਂ ਦਾ ਵਿਦਿਆਰਥੀ ਸੀ। ਉਹ ਹੋਸਟਲ ਵਿੱਚ ਰਹਿੰਦਾ ਸੀ। 22 ਅਗਸਤ ਨੂੰ ਉਸ ਨੇ ਆਪਣੇ ਪਿਤਾ ਨੂੰ ਫੋਨ ਕਰਕੇ ਦੱਸਿਆ ਕਿ ਸਕੂਲ ਦੇ ਦੋ ਮਾਸਟਰ ਵਿਵੇਕ ਤੇ ਰਾਜ ਕੁਮਾਰ ਉਸ ਨੂੰ ਜਾਤੀਸੂਚਕ ਗਾਲ੍ਹਾਂ ਕੱਢਦੇ ਹਨ ਤੇ ਬਾਕੀ ਵਿਦਿਆਰਥੀਆਂ ਸਾਹਮਣੇ ਬੇਇੱਜ਼ਤ ਕਰਦੇ ਹਨ। ਉਸ ਨੇ ਕਿਹਾ ਕਿ ਜਦੋਂ ਉਸ ਨੇ ਪ੍ਰਿੰਸੀਪਲ ਨੂੰ ਸ਼ਿਕਾਇਤ ਕੀਤੀ ਤਾਂ ਪ੍ਰਿੰਸੀਪਲ ਨੇ ਕਿਹਾ, 'ਜਿਹੜੀ ਜਾਤ ਦੇ ਹੋ, ਉਸ ਦੇ ਹੀ ਰਹੋਗੇ, ਇਸ ਵਿੱਚ ਗਲਤ ਕੀ ਹੈ।' ਇਸ ਤੋਂ ਕੁਝ ਸਮੇਂ ਬਾਅਦ ਸਚਿਨ ਆਪਣੀ ਜਮਾਤ ਦੇ ਕਮਰੇ ਵਿੱਚ ਗਿਆ ਤੇ ਫਾਂਸੀ ਲਾ ਕੇ ਜਾਨ ਦੇ ਦਿੱਤੀ।

ਹਿਟਲਰ ਦੇ ਉਪਾਸ਼ਕ ਸ਼ਾਸਕਾਂ ਨੇ ਸਾਡੇ ਦੇਸ਼ ਨੂੰ ਇੱਕ ਸਦੀ ਦੇ ਕਰੀਬ ਪਿੱਛੇ ਧੱਕ ਦਿੱਤਾ ਹੈ। ਇਹ 8 ਸਤੰਬਰ 1938 ਦਾ ਦਿਨ ਸੀ। ਬਰਲਿਨ ਦੇ ਇੱਕ ਸਕੂਲ ਵਿੱਚ ਪੜ੍ਹਦੇ ਯਹੂਦੀ ਵਿਦਿਆਰਥੀ ਗਿਲਬਰਟ ਨੂੰ ਅਧਿਆਪਕ, ਜੋ ਆਰੀਆ ਨਸਲ ਦਾ ਸੀ, ਹੋਮਵਰਕ ਕਰਕੇ ਨਾ ਆਉਣ ਲਈ ਫਿਟਕਾਰਦਾ ਹੈ। ਫਿਰ ਉਸ ਨੂੰ ਪਿਛਲੀ ਬੈਂਚ ਉੱਤੇ ਬੈਠਣ ਲਈ ਕਹਿੰਦਾ ਹੈ। ਉਸ ਤੋਂ ਬਾਅਦ ਉਹ ਇੱਕ ਆਰੀਅਨ ਬੱਚੇ ਨੂੰ ਸੱਦ ਕੇ ਉਸ ਦੀਆਂ ਸਿ.ਫਤਾਂ ਕਰਕੇ ਯਹੂਦੀ ਬੱਚੇ ਨੂੰ ਚਿੜਾਉਂਦਾ ਹੈ। ਉਹੀ ਨ.ਫਰਤ ਅੱਜ ਸਾਡੇ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚ ਚੁੱਕੀ ਹੈ। ਇਹ ਨ.ਫਰਤ ਸਾਡੇ ਆਪਣੇ ਸਿਰਾਂ ਵਿੱਚ ਨਾ ਵੜ ਜਾਵੇ, ਇਸ ਲਈ ਜਾਗਣਾ ਪਵੇਗਾ, ਲੜਨਾ ਪਵੇਗਾ ਤੇ ਉੱਚੀ ਅਵਾਜ਼ ਵਿੱਚ ਬੋਲਣਾ ਪਵੇਗਾ।

-ਚੰਦ ਫਤਿਹਪੁਰੀ

ਫੈਡਰਲ ਢਾਂਚੇ ਦੀ ਰਾਖੀ ਲਈ ਵਿਸ਼ਾਲ ਲਾਮਬੰਦੀ ਜ਼ਰੂਰੀ



ਰਮੇਸ਼ ਰਤਨ

ਘਰ ਦੀ ਰਸੋਈ, ਖੇਤੀਬਾੜੀ ਅਤੇ ਵੱਡੀਆਂ ਵਰਕਸ਼ਾਪਾਂ ਵਿੱਚ ਅਨੇਕਾਂ ਹੀ ਸੰਦ ਅਜਿਹੇ ਹੁੰਦੇ ਹਨ, ਜਿਨ੍ਹਾਂ ਤੋਂ ਬਿਨਾਂ ਸਰਦਾ ਵੀ ਨਹੀਂ ਅਤੇ ਉਨ੍ਹਾਂ ਦੇ ਗਲਤ ਢੰਗ ਨਾਲ ਕੀਤੀ ਗਈ ਵਰਤੋਂ ਬਹੁਤ ਵੱਡੇ ਨੁਕਸਾਨ ਦਾ ਕਾਰਨ ਬਣ ਜਾਂਦੀ ਹੈ । ਇਹੋ ਕੁਝ ਅਸੀਂ ਆਪਣੀਆਂ ਸਮਾਜਿਕ ਪਰੰਪਰਾਵਾਂ ਅਤੇ ਸਰਕਾਰਾਂ ਦੇ ਕਾਨੂੰਨਾਂ ਵਿੱਚ ਵੀ ਵਾਪਰਦਾ ਦੇਖ ਸਕਦੇ ਹਾਂ। ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਦੇ ਸੰਬੰਧ ਅਤੇ ਗਵਰਨਰ ਦੀ ਨਿਯੁਕਤੀ ਅਤੇ ਤਾਕਤਾਂ ਸਾਡੇ ਸੰਵਿਧਾਨ ਦਾ ਅਜਿਹਾ ਹੀ ਦੋ ਮੂੰਹਾਂ ਪਹਿਲੂ ਹਨ।

ਪੰਜਾਬ ਦੇ ਮੁੱਖ ਮੰਤਰੀ ਅਤੇ ਗਵਰਨਰ ਦਰਮਿਆਨ ਸੰਬੰਧਾਂ ਦਾ ਵਿਗਾੜ ਗੰਭੀਰ ਰੁਖ ਅਖਤਿਆਰ ਕਰ ਗਿਆ ਹੈ। ਪੱਛਮੀ ਬੰਗਾਲ, ਮਹਾਰਾਸ਼ਟਰ, ਕੇਰਲਾ, ਦਿੱਲੀ ਆਦਿ ਕਈ ਰਾਜਾਂ ਵਿਚ ਗਵਰਨਰਾਂ ਵੱਲੋਂ ਆਪਣੇ ਅਧਿਕਾਰਾਂ ਦੀ ਪੱਖਪਾਤੀ ਵਰਤੋਂ ਸਾਡੇ ਸਾਹਮਣੇ ਹੈ ।

ਕੇਂਦਰ ਵਿਚ ਮੌਜੂਦਾ ਬੀ ਜੇ ਪੀ ਰਾਜਕਾਲ ਸਮੇਂ ਭਾਵੇਂ ਰਾਜ ਸਰਕਾਰਾਂ ਨੂੰ ਕੇਂਦਰ ਦੇ ਅਧੀਨ ਰੱਖਣ ਲਈ ਸੰਵਿਧਾਨਕ ਸੋਧ ਦੀ ਵਰਤੋਂ ਜੀ.ਐੱਸ.ਟੀ ਲਾਗੂ ਕਰਨ ਤੱਕ ਹੀ ਸੀਮਤ ਰਹੀ ਹੈ, ਪਰ ਕੇਂਦਰ ਸਰਕਾਰ ਨੇ ਆਪਣੀਆਂ ਸ਼ਕਤੀਆਂ ਦਾ ਅਜਿਹੇ ਖੋਰਾ ਲਾਊ ਢੰਗ ਨਾਲ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਭਾਰਤੀ ਫੈਡਰਲ ਢਾਂਚੇ ਨੂੰ ਗੰਭੀਰ ਨੁਕਸਾਨ ਹੋਣ ਦੇ ਖਤਰੇ ਲਗਾਤਾਰ ਵਧ ਰਹੇ ਹਨ ।

ਸੂਬਿਆਂ ਦੀ ਸਲਾਹ ਤੋਂ ਬਿਨਾਂ ਹੀ ਖੇਤੀਬਾੜੀ ਦੇ ਕਾਨੂੰਨ ਬਣਾਏ (ਜਿਨ੍ਹਾਂ ਨੂੰ ਪਾਰਲੀਮੈਂਟ ਵਿੱਚ ਰੱਦ ਕਰਾਉਣ ਲਈ ਕਿਸਾਨਾਂ ਨੂੰ ਲੰਬਾ ਸੰਘਰਸ਼ ਕਰਨਾ ਪਿਆ)।

ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਣ ਵਾਲੀਆਂ ਬੈਂਕਾਂ, ਕੋਆਪਰੇਟਿਵ ਸੁਸਾਇਟੀਆਂ ਅਤੇ ਸਿੱਖਿਆ ਆਦਿ ਨਾਲ ਸੰਬੰਧਤ ਨਵੇਂ ਕਾਨੂੰਨ ਬਣਾਉਣ ਸਮੇਂ ਰਾਜ ਸਰਕਾਰਾਂ ਦੀ ਰਾਏ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ।

ਦੇਸ਼ ਦੇ ਲੋਕਤੰਤਰ ਨੂੰ ਚਲਾਉਣ ਲਈ ਸੰਵਿਧਾਨ ਵਿਚ ਦਰਜ ਮੱਦਾਂ ਤੋਂ ਇਲਾਵਾ ਅਮਲ ਵਿੱਚ ਲੋਕਤੰਤਰਿਕ ਪਰੰਪਰਾਵਾਂ ਦੀ ਅਹਿਮ ਭੂਮਿਕਾ ਹੁੰਦੀ ਹੈ ਅਤੇ ਰਹੀ ਹੈ । ਸਾਡੇ ਲੋਕਤੰਤਰੀ ਇਤਿਹਾਸ ਦੀਆਂ ਪਰੰਪਰਾਵਾਂ ਤਾਂ ਹੁਣ ਸੁਪਨਾ ਹੀ ਲੱਗਦੀਆਂ ਹਨ।

ਅਜਿਹੀਆਂ ਅਨੇਕ ਮਿਸਾਲਾਂ ਹਨ ਜਦੋਂ ਕੇਂਦਰੀ ਸੱਤਾ 'ਤੇ ਕਾਬਜ਼ ਪਾਰਟੀਆਂ ਨੇ ਵਿਰੋਧੀ ਪਾਰਟੀਆਂ ਨੂੰ ਸਨਮਾਨਜਨਕ ਢੰਗ ਨਾਲ ਸੁਣਿਆ ਅਤੇ ਉਹਨਾ ਦੀ ਰਾਇ ਨੂੰ ਉਚਿੱਤ ਸਥਾਨ ਦਿੰਦੇ ਹੋਏ ਫੈਸਲੇ ਲਏ। ਕਈ ਵਾਰ ਤਾਂ ਅੰਤਰ-ਰਾਸਟਰੀ ਅਦਾਰਿਆਂ ਵਿੱਚ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਭਾਰਤ ਦੇ ਪ੍ਰਤੀਨਿਧ ਵਜੋਂ ਭੇਜਿਆ ਗਿਆ ।

ਮੋਦੀ ਸਰਕਾਰ ਸਮੇਂ ਇਹ ਪੱਖ ਲਗਾਤਾਰ ਕਮਜ਼ੋਰ ਹੋਇਆ ਹੈ । ਹੁਣ ਤਾਂ ਦੇਸ਼ ਦੀ ਪਾਰਲੀਮੈਂਟ ਅੰਦਰ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਨਾਟਕੀ ਅੰਦਾਜ਼ ਵਿਚ ਜ਼ਲੀਲ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ । ਕੀ ਦੇਸ਼ ਏਕਾਧਿਕਾਰ ਤਾਨਾਸ਼ਾਹੀ ਵਾਲੇ ਪਾਸੇ ਵਧ ਰਿਹਾ ਹੈ ?

ਸਾਡੇ ਲੋਕਤੰਤਰ ਦਾ ਕਾਨੂੰਨੀ ਆਧਾਰ ਭਾਰਤੀ ਸੰਵਿਧਾਨ ਹੀ ਹੈ। ਇਸ ਨੂੰ ਤਿਆਰ ਕਰਨ ਵਾਲੇ ਮਹਾਨ ਸਪੂਤਾਂ ਨੇ ਦੇਸ ਪ੍ਰੇਮ ਦੀ ਰੌਸ਼ਨੀ ਸਦਕਾ ਹੀ ਭਾਰਤੀ ਲੋਕਾਂ ਲਈ ਆਜ਼ਾਦੀ, ਇਨਸਾਫ, ਬਰਾਬਰੀ ਅਤੇ ਭਾਈਚਾਰੇ ਨੂੰ ਵਧਾਉਣ ਵਾਲਾ ਸੰਵਿਧਾਨ ਤਿਆਰ ਕੀਤਾ ਸੀ ।

ਡਾਕਟਰ ਅੰਬੇਡਕਰ ਸਾਹਿਬ ਦਾ ਕਥਨ ਹੈ ਕਿ ਇਤਿਹਾਸਕ ਪ੍ਰਸਥਿਤੀ ਅਤੇ ਦੇਸ਼ ਦੀ ਜ਼ਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਬੇਸ਼ਕ ਅਨੇਕ ਮਾਮਲਿਆਂ ਵਿੱਚ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਦੇ ਮੁਕਾਬਲੇ ਕਿਤੇ ਵੱਧ ਅਧਿਕਾਰ ਦਿੱਤੇ ਗਏ, ਪ੍ਰੰਤੂ ਸਾਡੇ ਸੰਵਿਧਾਨ ਦੀ ਅਸਲੀ ਭਾਵਨਾ ਫੈਡਰਲ ਹੀ ਹੈ ।

ਉਹ ਇਤਿਹਾਸਕ ਪ੍ਰਸਥਿਤੀਆਂ ਜਾਨਣ ਅਤੇ ਸਮਝਣ ਦੀ ਜ਼ਰੂਰਤ ਹੈ, ਜਿਸ ਕਾਰਨ ਭਾਰਤੀ ਸੰਵਿਧਾਨ ਦੀ ਪਹਿਲੀ ਧਾਰਾ ਅਨੁਸਾਰ ਸਾਡੇ ਦੇਸ਼ ਨੂੰ ਰਾਜਾਂ ਦੀ ਯੂਨੀਅਨ ਬਣਾਉਣਾ ਪਿਆ। (ਭਾਵ ਯੂਰਪੀਅਨ ਯੂਨੀਅਨ ਵਰਗੀ ਫੈਡਰੇਸ਼ਨ ਨਹੀਂ) ਅਤੇ ਦੂਜੀ ਧਾਰਾ ਦੇਸ਼ ਦੀ ਪਾਰਲੀਮੈਂਟ ਨੂੰ ਅਜਿਹੇ ਅਧਿਕਾਰ ਦਿੰਦੀ ਹੈ, ਜਿਸ ਨਾਲ ਉਹ ਦੇਸ਼ ਦੇ ਰਾਜਾਂ ਉਪਰ ਆਪਣੀ ਮਰਜ਼ੀ ਠੋਸ ਸਕਦੀ ਹੈ ।

ਅਸਲੀ ਕਾਰਨ ਭਾਰਤੀ ਆਜ਼ਾਦੀ ਐਕਟ 1947 ਵਿੱਚ ਹੀ ਨਜ਼ਰ ਆਉਂਦਾ ਹੈ, ਜਿਸ ਨਾਲ ਦੇਸ਼ ਦੋ ਹਿੱਸਿਆਂ ਵਿੱਚ ਤਾਂ ਵੰਡਿਆ ਹੀ ਗਿਆ, ਪਰ ਉਸ ਸਮੇਂ ਦੇਸ਼ ਦੇ ਲੱਗਭੱਗ ਅੱਧੇ ਹਿੱਸੇ ਉੱਪਰ ਅੰਗਰੇਜ਼ਾਂ ਦੀ ਅਧੀਨਗੀ ਹੇਠ ਰਾਜ ਕਰਨ ਵਾਲੇ ਲੱਗਭੱਗ 566 ਰਾਜਸੀ ਘਰਾਣਿਆਂ ਦਾ ਕੰਟਰੋਲ ਵੀ ਕਾਇਮ ਸੀ । ਜਿਹਨਾਂ ਨੂੰ ਇਹ ਖੁੱਲ੍ਹ ਦੇ ਦਿੱਤੀ ਗਈ ਸੀ ਕਿ ਉਹ ਆਪਣੀ ਮਰਜ਼ੀ ਨਾਲ ਪਾਕਿਸਤਾਨ ਜਾਂ ਭਾਰਤ ਵਿੱਚ ਸ਼ਾਮਲ ਹੋ ਜਾਣ ਜਾਂ ਆਪਣੀ ਆਜ਼ਾਦ ਹਸਤੀ ਕਾਇਮ ਰੱਖ ਸਕਦੇ ਸਨ ।

ਇਨ੍ਹਾਂ ਰਜਵਾੜਾ ਘਰਾਣਿਆਂ ਨੂੰ ਭਾਰਤ ਦੇ ਨਾਲ ਜੋੜਨ ਸੰਬੰਧੀ ਸਮਝੌਤੇ ਕੋਈ ਆਸਾਨ ਕੰਮ ਨਹੀਂ ਸੀ । ਦੇਸ਼ ਹਿੱਤ ਲਈ 1947 ਵਿੱਚ ਜੋ ਸਮਝੌਤੇ ਕੀਤੇ ਗਏ, ਉਸ ਦੀਆਂ ਮੁੱਖ ਮੱਦਾਂ ਵਿੱਚ ਸਿਰਫ ਸੁਰੱਖਿਆ, ਆਵਾਜਾਈ, ਸੰਚਾਰ ਅਤੇ ਵਿਦੇਸ਼ ਨੀਤੀ ਆਦਿ ਨਾਲ ਸੰਬੰਧਤ ਮਾਮਲੇ ਹੀ ਰੱਖੇ ਗਏ ਸਨ । ਰਜਵਾੜਿਆਂ ਨੂੰ ਕਈ ਪ੍ਰਕਾਰ ਦੀਆਂ ਰਾਜਨੀਤਕ ਸਹੂਲਤਾਂ ਦੇ ਨਾਲ ਪ੍ਰੀਵੀ ਪਰਸ ਦੇ ਭੱਤੇ ਦੇਣੇ ਵੀ ਸਵੀਕਾਰ ਕਰਨੇ ਪਏ ।

ਬੇਸ਼ੱਕ ਬਾਅਦ ਵਿੱਚ ਉਨ੍ਹਾਂ ਨੂੰ ਭਾਰਤ ਵਿੱਚ ਸਮੋ ਲਿਆ ਗਿਆ ਅਤੇ ਉਨ੍ਹਾਂ ਵੱਲੋਂ ਆਜ਼ਾਦਾਨਾ ਰਾਜ ਕਰਨ ਦੇ ਅਧਿਕਾਰ 1949 ਵਿੱਚ ਅਤੇ ਭੱਤੇ 1971 ਵਿੱਚ ਖਤਮ ਕਰ ਦਿੱਤੇ ਗਏ । ਇਸ ਹਾਲਤ ਵਿਚ ਕੇਂਦਰ ਨੂੰ ਰਾਜਾਂ ਤੋਂ ਕਿਤੇ ਵੱਧ ਸ਼ਕਤੀਆਂ ਦੇਣਾ ਜ਼ਰੂਰੀ ਸੀ।

ਸਥਿਤੀ ਦਾ ਦੂਜਾ ਪੱਖ ਦੇਸ਼ ਅੰਦਰ ਇਲਾਕਾਈ ਆਰਥਿਕ ਵਿਕਾਸ ਦੀਆਂ ਜ਼ਰੂਰਤਾਂ ਦੇ ਅੰਤਰ ਦਾ ਸੀ । ਇਸ ਤੋਂ ਇਲਾਵਾ ਭੂਗੋਲਿਕ ਭਿੰਨਤਾ, ਭਾਸ਼ਾਵਾਂ, ਧਰਮ, ਜਾਤਾਂ ਅਤੇ ਸੱਭਿਆਚਾਰ ਆਦਿ ਅਨੇਕਾਂ ਪ੍ਰਕਾਰ ਦੇ ਵਖਰੇਵੇਂ ਸਨ। ਇਨ੍ਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਦੇਸ਼ ਦੇ ਵਿਕਾਸ ਲਈ ਰਾਜ ਸਰਕਾਰਾਂ ਦੀ ਹਿੱਸੇਦਾਰੀ ਅਤੇ ਸਹਿਯੋਗ ਜ਼ਰੂਰੀ ਸੀ । ਇਲਾਕਾਈ ਵਿਕਾਸ ਲਈ ਲੋਕਾਂ ਦੀਆ ਲੋੜਾਂ ਅਤੇ ਸੁਭਾਅ ਦੇ ਅਨੁਕੂਲ ਅਤੇ ਪ੍ਰਵਾਨਿਤ ਢੰਗ ਤਰੀਕਿਆਂ 'ਤੇ ਅਧਾਰਿਤ ਰਾਜ-ਪ੍ਰਬੰਧ ਚਲਾਉਣਾ ਲਾਜ਼ਮੀ ਸੀ । ਇਹ ਸਥਿਤੀਆਂ ਸਾਡੇ ਸੰਵਿਧਾਨ ਵਿੱਚ ਫੈਡਰਲ ਮੱਦਾਂ ਦਰਜ ਕਰਨ ਦਾ ਆਧਾਰ ਹਨ।

ਸਾਡੇ ਸੰਵਿਧਾਨ ਦੇ ਫੈਡਰਲ ਤੱਤਾਂ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ । ਲਿਖਤੀ ਸੰਵਿਧਾਨ ਦੀ ਸਰਵਉੱਚਤਾ ਹੈ ।

ਇਕ ਪਾਸੇ ਰਾਜ ਸਰਕਾਰਾਂ ਉੱਪਰ ਕੇਂਦਰ ਦਾ ਕੰਟਰੋਲ ਰੱਖਣ ਲਈ ਗਵਰਨਰ ਨਿਯੁਕਤ ਕਰਨ ਅਤੇ ਉਹਨਾਂ ਦੀਆਂ ਸ਼ਕਤੀਆਂ ਦਾ ਪੂਰਾ ਵਰਨਣ ਵੀ ਸੰਵਿਧਾਨ ਦੀਆਂ ਧਾਰਾਵਾਂ 153 ਤੋਂ 161 ਵਿੱਚ ਕੀਤਾ ਗਿਆ ਹੈ।

ਦੂਜੇ ਪਾਸੇ ਸੰਵਿਧਾਨ ਦੇ ਚੌਥੇ ਚੈਪਟਰ ਅਨੁਸਾਰ ਦੇਸ਼ ਦੀ ਅਜ਼ਾਦ ਨਿਆਂ ਪਾਲਿਕਾ ਦਾ ਗਠਨ ਹੋਇਆ ਹੈ, ਜੋ ਸੰਵਿਧਾਨ ਦੀ ਮੂਲ ਭਾਵਨਾ ਨੂੰ ਬਚਾਉਣ ਲਈ ਆਮ ਤੌਰ 'ਤੇ ਆਜ਼ਾਦ ਫੈਸਲੇ ਕਰਦੀ ਹੈ।

ਰਾਜਾਂ ਦੇ ਫੈਡਰਲ ਅਧਿਕਾਰ

ਸੰਵਿਧਾਨ ਦੀ ਧਾਰਾ 162 ਅਨੁਸਾਰ ਕੇਂਦਰ ਅਤੇ ਰਾਜ ਸਰਕਾਰ ਵਿਚ ਕਾਰਜਕਾਰੀ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ । ਧਾਰਾ 245 ਤੋਂ 255 ਵਿਚ ਰਾਜ ਸਰਕਾਰਾਂ ਨੂੰ ਕਾਨੂੰਨ ਬਣਾਉਣ ਅਤੇ ਧਾਰਾ 256 ਤੋਂ 263 ਤੱਕ ਕਾਰਜਕਾਰੀ ਅਮਲ ਵਿਚ ਲਿਆਉਣ ਦੀ ਵਿਆਖਿਆ ਵੀ ਕੀਤੀ ਗਈ ਹੈ ।

ਸੰਵਿਧਾਨ ਦੇ ਸੱਤਵੇਂ ਸ਼ਡਿਊਲ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਾਰਜ ਖੇਤਰਾਂ ਦੀਆ ਤਿੰਨ ਲਿਸਟਾਂ ਬਣਾ ਕੇ ਸਪੱਸ਼ਟ ਵੰਡ ਕੀਤੀ ਗਈ ਹੈ ।

ਯੂਨੀਅਨ ਲਿਸਟ ਵਿਚ ਲੱਗਭੱਗ 97 ਮੁੱਦੇ , ਸਟੇਟ ਲਿਸਟ ਵਿੱਚ 66 ਅਤੇ ਸਾਂਝੀ ਲਿਸਟ ਵਿਚ 47 ਮੁੱਦੇ ਸ਼ਾਮਲ ਕੀਤੇ ਗਏ ਹਨ।

ਪਰੰਤੂ ਦੇਸ਼ ਦੀ ਪਾਰਲੀਮੈਂਟ ਨੂੰ ਅਧਿਕਾਰ ਹੈ ਕਿ ਖਾਸ ਹਾਲਤਾਂ ਵਿੱਚ ਉਹ ਕਿਸੇ ਵੀ ਮੁੱਦੇ ਉੱਤੇ ਕਾਨੂੰਨ ਬਣਾ ਸਕਦੀ ਹੈ।

ਦੇਸ ਦੀ ਏਕਤਾ ਅਤੇ ਅਖੰਡਤਾ ਉਪਰ ਬਾਹਰੀ ਹਮਲੇ ਸਮੇਂ ਜਾਂ ਹਥਿਆਰਬੰਦ ਬਗ਼ਾਵਤ ਜਾਂ ਵ

30-AUG-PAGE-5.qxd 8/29/2023 9:41 PM Page 1

ਪਿੰਡ ਦੋਨਾ ਨਾਨਕਾ 'ਚ ਕਿਸ਼ਤੀ ਡੁੱਬੀ, ਲੋਕਾਂ ਨੇ ਰੁੱਖਾਂ 'ਤੇ ਚੜ੍ਹ ਕੇ ਬਚਾਈ ਜਾਨ

ਪਿੰਡ ਵਾਸੀਆਂ ਦਾ ਦੋਸ਼, ਉਨ੍ਹਾਂ ਨੂੰ ਪਹਿਲਾਂ ਹੀ ਦਿੱਤੀ ਗਈ ਸੀ ਟੁੱਟੀ ਕਿਸ਼ਤੀ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਪਿੰਡ ਦੋਨਾ ਨਾਨਕਾ ਵਿਖੇ ਕਿਸ਼ਤੀ ਦੇ ਡੁੱਬਣ ਕਾਰਨ ਹਾਦਸਾ ਵਾਪਰ ਗਿਆ, ਜਿਸ ਤੋਂ ਬਾਅਦ ਮੌਕੇ 'ਤੇ ਪਹੁੰਚੇ ਪਿੰਡ ਵਾਸੀਆਂ ਨੇ ਕਿਸ਼ਤੀ 'ਚ ਸਵਾਰ ਲੋਕਾਂ ਨੂੰ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ। ਇਸ ਹਾਦਸੇ 'ਚ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ, ਪਰ ਕਿਸ਼ਤੀ 'ਤੇ ਸਵਾਰ ਲੋਕ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਵਾਸੀ ਓਮ ਸਿੰਘ ਪੰਚਾਇਤ ਮੈਂਬਰ ਪਿੰਡ ਦੋਨਾ ਨਾਨਕਾ ਤੇ ਹੋਰਨਾਂ ਨੇ ਦੱਸਿਆ ਕਿ ਸੋਮਵਾਰ ਦੁਪਹਿਰ 12 ਵਜੇ ਦੇ ਕਰੀਬ ਉਨ੍ਹਾਂ ਦੇ ਪਿੰਡ ਦੇ ਕੁਝ ਵਿਅਕਤੀ ਉਨ੍ਹਾਂ ਦੇ ਪਿੰਡ ਤੋਂ ਸਤਲੁਜ ਪਾਰ ਕਰਕੇ ਕਿਸ਼ਤੀ 'ਤੇ ਚੜ੍ਹ ਕੇ ਦੂਜੇ ਪਾਸੇ ਜਾ ਰਹੇ ਸਨ। ਇਸ ਦੌਰਾਨ ਕਿਸ਼ਤੀ ਟੁੱਟੀ ਹੋਈ ਹੋਣ ਕਾਰਨ ਰਸਤੇ ਵਿੱਚ ਹੀ ਕਿਸ਼ਤੀ ਵਿੱਚ ਪਾਣੀ ਭਰਨਾ ਸ਼ੁਰੂ ਹੋ ਗਿਆ, ਜਿਸ ਤੋਂ ਬਾਅਦ ਹੌਲੀ-ਹੌਲੀ ਕਿਸ਼ਤੀ ਪਾਣੀ 'ਚ ਡੁੱਬ ਗਈ। ਇਸ ਦੌਰਾਨ ਕਿਸ਼ਤੀ 'ਤੇ ਮੌਜੂਦ ਲੋਕਾਂ ਨੇ ਉਥੇ ਮੌਜੂਦ ਦਰੱਖਤਾਂ ਦਾ ਸਹਾਰਾ ਲੈ ਕੇ ਆਪਣੀ ਜਾਨ ਬਚਾਈ ਤੇ ਕੁਝ ਲੋਕ ਦਰਖਤਾਂ 'ਤੇ ਚੜ੍ਹ ਗਏ। ਦੂਜੇ ਪਾਸੇ ਪਿੰਡ ਦੀ ਮੌਜੂਦਾ ਸਰਪੰਚ ਦੇ ਪਤੀ ਬੂੜ ਸਿੰਘ ਨੇ ਦੱਸਿਆ ਕਿ ਇਸ ਕਿਸ਼ਤੀ ਵਿੱਚ ਕੁੱਲ 10-12 ਲੋਕ ਸਵਾਰ ਸਨ। ਉਨ੍ਹਾਂ ਵਿੱਚ ਇੱਕ ਔਰਤ ਵੀ ਸੀ ਤੇ ਉਹ ਖੁਦ ਵੀ ਇਸ 'ਤੇ ਕਿਸ਼ਤੀ ਸਵਾਰ ਸਨ। ਇਸ ਦੌਰਾਨ ਉਨ੍ਹਾਂ ਦੇ ਹੱਥ ਵਿੱਚ ਇੱਕ ਕਿੱਟ ਸੀ, ਜਿਸ ਵਿੱਚ ਉਨ੍ਹਾਂ ਦੇ ਪਿੰਡ ਦੀ ਪੰਚਾਇਤ ਦਾ ਕਾਰਵਾਈ ਰਜਿਸਟਰ ਆਦਿ ਦਾ ਰਿਕਾਰਡ ਸੀ, ਜੋ ਦਫਤਰ ਫਾਜ਼ਿਲਕਾ ਵਿਖੇ ਲੈ ਕੇ ਜਾ ਰਹੇ ਸਨ। ਇਸ ਹਾਦਸੇ ਵਿੱਚ ਇਹ ਕਿੱਟ ਉਨ੍ਹਾਂ ਦੇ ਹੱਥੋਂ ਛੁੱਟ ਗਈ ਤੇ ਪਾਣੀ ਦੇ ਤੇਜ ਵਹਾਅ ਵਿੱਚ ਰੁੜ੍ਹ ਗਈ।

ਬੂੜ ਸਿੰਘ ਨੇ ਦੱਸਿਆ ਕਿ ਪਿਛਲੇ ਹੜ੍ਹ ਦੌਰਾਨ ਉਨ੍ਹਾਂ ਦੀ ਮੰਗ 'ਤੇ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਇਹ ਕਿਸ਼ਤੀ ਮੁਹੱਈਆ ਕਰਵਾਈ ਗਈ ਸੀ। ਜਦੋਂ ਇਹ ਕਿਸ਼ਤੀ ਉਨ੍ਹਾਂ ਦੇ ਪਿੰਡ ਨੂੰ ਦਿੱਤੀ ਗਈ ਸੀ ਤਾਂ ਉਸ ਸਮੇਂ ਤੋਂ ਹੀ ਇਸ ਕਿਸ਼ਤੀ ਦੀ ਹਾਲਤ ਬਹੁਤ ਖਰਾਬ ਸੀ। ਇਹ ਥਾਂ-ਥਾਂ ਤੋਂ ਟੁੱਟੀ ਹੋਈ ਸੀ ਅਤੇ ਇਸ ਵਿੱਚ ਵੱਡੇ-ਵੱਡੇ ਛੇਦ ਪਏ ਹੋਏ ਸਨ। ਇਸ ਸਬੰਧੀ ਉਨ੍ਹਾਂ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਦੱਸਿਆ ਸੀ, ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਕੋਲ ਕਿਸ਼ਤੀਆਂ ਨਹੀਂ ਹਨ, ਜਿਸ ਕਾਰਨ ਉਹ ਲੋਕ ਤੇ ਉਨ੍ਹਾਂ ਦੇ ਪਿੰਡ ਵਾਸੀ ਆਪਣੀ ਜਾਨ ਜੋਖਮ ਵਿੱਚ ਪਾ ਕੇ ਇਸ ਟੁੱਟੀ ਹੋਈ ਕਿਸ਼ਤੀ ਵਿੱਚ ਆ-ਜਾ ਰਹੇ ਸਨ, ਜਿਸ ਕਾਰਨ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਇਸ ਕਿਸ਼ਤੀ ਵਿੱਚ ਕੋਈ ਬੱਚਾ ਨਹੀਂ ਸੀ, ਨਹੀਂ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ।

ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਧਰਨਾ

ਦਿੜ੍ਹਬਾ (ਜਸਵੀਰ ਲਾਡੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਐੱਸ.ਡੀ.ਐੱਮ. ਦਫਤਰ ਅੱਗੇ 2 ਘੰਟੇ ਦਾ ਧਰਨਾ ਨੂੰ ਲਗਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਸੁਨਾਮ ਸੰਤ ਰਾਮ ਸਿੰਘ ਛਾਜਲੀ ਨੇ ਕਿਹਾ ਕਿ ਸੁਨਾਮ-ਛਾਜਲੀ ਨੀਲੋਵਾਲ ਨਹਿਰੀ ਪੁਲ ਬਣਾਉਣ ਦੇ ਸੰਬੰਧ ਵਿੱਚ ਧਰਨਾ ਤੇ ਮੰਗ ਪੱਤਰ ਐੱਸ.ਡੀ.ਐੱਮ. ਸੁਨਾਮ ਨੂੰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਨਹਿਰੀ ਪੁਲ ਦੀ ਹਾਲਤ ਖਸਤਾ ਹੋਣ ਕਾਰਨ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਸਰਦੀਆਂ ਵਿੱਚ ਧੁੰਦ ਦੇ ਮੌਸਮ ਦੌਰਾਨ ਵੱਡੇ ਹਾਦਸੇ ਦਾ ਕਾਰਨ ਇਹ ਟੁੱਟਿਆ ਪੁਲ ਬਣ ਸਕਦਾ ਹੈ। ਇਸ ਲਈ ਸਾਡੀ ਯੂਨੀਅਨ ਵੱਲੋਂ ਅਗਾਊਂ ਸਰਕਾਰ ਨੂੰ ਮੰਗ ਪੱਤਰ ਦਿੱਤਾ ਗਿਆ ਤਾਂ ਜੋ ਕਿਸੇ ਤਰ੍ਹਾਂ ਦੇ ਨੁਕਸਾਨ ਤੋਂ ਬਚਿਆ ਜਾ ਸਕੇ ਤੇ ਨਹਿਰੀ ਪੁਲ ਦੀ ਉਸਾਰੀ ਜਲਦ ਚਾਲੂ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਦਿੱਤੇ ਗਏ ਮੰਗ ਪੱਤਰ ਵਿੱਚ ਸੁਨਾਮ ਸੰਗਰੂਰ ਸਰਹਿੰਦ ਚੋਅ ਵਾਲਾ ਪੁਲ ਬਣਾਉਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਜਿਹੜੇ ਨੌਜਵਾਨਾਂ ਨੇ ਪੁਲ ਅੱਗੇ ਰੱਖੇ ਪੱਥਰ ਹਟਾਏ ਗਏ ਸਨ। ਉਨ੍ਹਾਂ ਉੱਪਰ ਪਾਏ ਝੂਠੇ ਪਰਚੇ ਰੱਦ ਕਰਵਾਉਣ ਸਬੰਧੀ ਸਰਕਾਰ ਨੂੰ ਅਪੀਲ ਕੀਤੀ ਗਈ ਹੈ। ਇਸ ਮੌਕੇ ਮੰਗ ਪੱਤਰ ਨਾਇਬ ਤਹਿਸੀਲਦਾਰ ਅਮਿਤ ਕੁਮਾਰ ਨੂੰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਤੱਕ ਜਥੇਬੰਦੀ ਦੀਆਂ ਮੰਗਾਂ ਨੂੰ ਪਹੁੰਚਾਉਣਗੇ। ਇਸ ਮੌਕੇ ਉਨ੍ਹਾਂ ਨਾਲ ਇਕਾਈ ਪ੍ਰਧਾਨ ਭੋਲਾ ਸਿੰਘ ਛਾਜਲੀ, ਇਕਾਈ ਪ੍ਰਧਾਨ ਗਾਗੀ ਸਿੰਘ ਗੋਬਿੰਦਗੜ੍ਹ ਜੇਜੀਆਂ, ਭੋਲਾ ਸਿੰਘ ਲੌਂਗੋਵਾਲ, ਬਹਾਲ ਸਿੰਘ ਲੌਂਗੋਵਾਲ, ਗਗਨਦੀਪ ਸਿੰਘ ਚੱਠੇ, ਬਲਜੀਤ ਸਿੰਘ ਸਭਰਾਂ, ਗੁਰਪ੍ਰਤਾਪ ਸਿੰਘ ਸਹਾਰਨ, ਪ੍ਰਿਤਪਾਲ ਸਿੰਘ, ਨਛੱਤਰ ਸਿੰਘ, ਦਰਸ਼ਨ ਸਿੰਘ, ਗੋਕਲ ਰਾਮ ਪੰਡਤ, ਜਰਨੈਲ ਸਿੰਘ ਸੂਚ, ਹਾਕਮ ਸਿੰਘ, ਲਛਮਣ ਸਿੰਘ, ਦਰਸ਼ਨ ਸਿੰਘ, ਨਛੱਤਰ ਸਿੰਘ ਪੂਨੀਆ ਹਾਜ਼ਰ ਸਨ।

'ਖੇਡਾਂ ਵਤਨ ਪੰਜਾਬ ਦੀਆਂ' ਮਸ਼ਾਲ ਮਾਰਚ ਦਾ ਖੇਡ ਪ੍ਰੇਮੀਆਂ ਵੱਲੋਂ ਭਰਵਾਂ ਸਵਾਗਤ

ਵਿਧਾਇਕ ਤੇ ਐੱਸ.ਐੱਸ.ਪੀ. ਨੇ ਜ਼ਿਲ੍ਹਾ ਰੈੱਡ ਕਰਾਸ ਭਵਨ ਤੋਂ ਮਸ਼ਾਲ ਮਾਰਚ ਨੂੰ ਬਠਿੰਡਾ ਲਈ ਕੀਤਾ ਰਵਾਨਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਪਹਿਲੇ ਸਾਲ ਦੀ ਸਫਲਤਾ ਤੋਂ ਬਾਅਦ ਇਸ ਸਾਲ ਸੀਜ਼ਨ-2 ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਸ਼ਾਲ ਮਾਰਚ ਸ਼ੁਰੂ ਕੀਤਾ ਗਿਆ ਹੈ। ਇਹ ਮਸ਼ਾਲ ਮਾਰਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਹੁੰਦਾ ਹੋਇਆ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਪੁੱਜਾ।

ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਲੱਧੂਵਾਲਾ ਤੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ 'ਚ ਦਾਖਲ ਹੋਣ 'ਤੇ ਸ੍ਰੀਮਤੀ ਅਨਿੰਦਰਵੀਰ ਕੌਰ ਜ਼ਿਲ੍ਹਾ ਖੇਡ ਅਫਸਰ ਤੇ ਡੀ.ਐੱਸ.ਪੀ. ਸਤਨਾਮ ਸਿੰਘ ਵਿਰਕ ਨੇ ਇਸ ਮਸਾਲ ਨੂੰ ਪ੍ਰਾਪਤ ਕੀਤਾ। ਇਹ ਮਸ਼ਾਲ ਮਾਰਚ ਸ੍ਰੀ ਮੁਕਤਸਰ ਸਾਹਿਬ ਸ਼ਹਿਰ 'ਚੋਂ ਹੁੰਦਾ ਹੋਇਆ ਜ਼ਿਲ੍ਹਾ ਰੈੱਡ ਕਰਾਸ ਭਵਨ ਵਿਖੇ ਪਹੁੰਚਣ 'ਤੇ ਪੰਜਾਬ ਪੁਲਸ ਦੇ ਬੈਂਡ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਅੰਤਰ ਰਾਸ਼ਟਰੀ ਖੇਡ ਦਿਵਸ 'ਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਵੱਲੋਂ ਹਾਕੀ ਦੀ ਖੇਡ 'ਚ ਪਾਇਆ ਗਿਆ ਆਪਣਾ ਵੱਡਮੁੱਲੇ ਯੋਗਦਾਨ ਸਬੰਧੀ ਵੀ ਸਮਾਗਮ ਕੀਤਾ ਗਿਆ ਤੇ ਇਸ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ। ਜਗਦੀਪ ਸਿੰਘ ਕਾਕਾ ਬਰਾੜ ਵਿਧਾਇਕ ਸ੍ਰੀ ਮੁਕਤਸਰ ਸਾਹਿਬ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਸੋਚ ਹੈ ਕਿ ਕਿਸੇ ਵੇਲੇ ਖੇਡਾਂ ਵਿੱਚ ਪਹਿਲੇ ਨੰਬਰ 'ਤੇ ਰਹੇ ਪੰਜਾਬ ਨੂੰ ਮੁੜ ਖੇਡਾਂ ਵਿੱਚ ਮੋਹਰੀ ਸੂਬਾ ਬਣਾਇਆ ਜਾਵੇ ਤੇ ਆਪਣੇ ਇਸੇ ਉਦੇਸ਼ ਨੂੰ ਲੈ ਕੇ ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਤੋਂ ਸੇਧ ਲੈ ਕੇ ਨੌਜਵਾਨ ਪੀੜ੍ਹੀ ਨਸ਼ਿਆਂ ਵਰਗੀਆਂ ਭੈੜੀਆਂ ਆਦਤਾਂ ਤੋਂ ਬਚ ਕੇ ਆਪਣੇ ਆਪ ਨੂੰ ਖੇਡਾਂ ਨਾਲ ਜੋੜਣਗੇ ਤੇ ਨਰੋਏ ਸਮਾਜ ਦੀ ਸਿਰਜਨਾ ਕਰਨਗੇ। ਇਸ ਮੌਕੇ ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ. ਨੇ ਕਿਹਾ ਕਿ ਪੁਲਸ ਵਿਭਾਗ ਵੱਲੋਂ ਲੋਕਾਂ ਨੂੰ ਨਸ਼ੇ ਤੋਂ ਬਚਾਉਣ ਲਈ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ ਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਜੋੜਿਆ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸ੍ਰੀ ਜਸਨ ਬਰਾੜ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਸ੍ਰੀ ਰਾਜੀਵ ਛਾਬੜਾ ਜ਼ਿਲ੍ਹਾ ਸਿੱਖਿਆ ਅਫਸਰ, ਤਹਿਸੀਲਦਾਰ ਸੁਖਬੀਰ ਸਿੰਘ ਬਰਾੜ, ਸਾਬਕਾ ਡਿਪਟੀ ਡੀ.ਈ.ਓ. ਸਮਸ਼ੇਰ ਸਿੰਘ, ਹਾਕੀ ਕੋਚ ਸਤਪਾਲ ਸਿੰਘ ਮਾਨ ਤੋਂ ਇਲਾਵਾ ਖੇਡ ਕੋਚ, ਖੇਡ ਪ੍ਰੇਮੀ ਤੇ ਪਤਵੱਤੇ ਵਿਅਕਤੀ ਮੌਜੂਦ ਸਨ।

ਦਇਆਨੰਦ ਮੈਡੀਕਲ ਕਾਲਜ ਲੁਧਿਆਣਾ ਵਿਖੇ ਕਨਵੋਕੇਸ਼ਨ ਸਮਰੋਹ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਪ੍ਰੋਫੈਸਰ (ਡਾ) ਰਜੀਵ ਸੂਦ ਵਾਇਸ ਚਾਂਸਲਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫਰੀਦਕੋਟ ਨੇ ਦਾਇਆਨੰਦ ਮੈਡੀਕਲ ਕਾਲਜ ਲੁਧਿਆਣਾ ਵਿੱਚ ਹੋਏ ਕੋਨਵੋਕੇਸ਼ਨ ਸਮਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮਰੋਹ ਵਿੱਚ 2017-22 ਬੈਚ ਦੇ 87 ਗ੍ਰੈਜੂਏਟ ਡਾਕਟਰਾਂ ਨੂੰ ਡਿਗਰੀਆਂ ਵੰਡੀਆਂ ਗਈਆਂ ਤੇ 39 ਮੈਡੀਕਲ ਵਿਦਿਆਰਥੀਆਂ ਨੂੰ ਬਿਹਤਰ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਬੈਸਟ ਗ੍ਰੈਜੂਏਟਸ ਲਈ ਡਾ. ਤਮੰਨਾ ਬਾਂਸਲ ਨੂੰ ਗੋਲਡ ਤੇ ਡਾ. ਰਿਚਾ ਜਿੰਦਲ ਨੂੰ ਸਿਲਵਰ ਮੈਡਲ ਮਿਲਿਆ। ਡਾ. ਰਜੀਵ ਸੂਦ ਸੰਬੋਧਨ ਕਰਦੇ ਬੋਲੇ ਕਿ ਮਾਣਯੋਗ ਮੈਡੀਕਲ ਤੇ ਹੈਲਥ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹੋਣ ਦੇ ਨਾਤੇ, ਮੈਂ ਇਸ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਬਹੁਤ ਮਾਣ ਤੇ ਸਨਮਾਨ ਦੀ ਭਾਵਨਾ ਮਹਿਸੂਸ ਕਰ ਰਿਹਾ ਹਾਂ। ਇਹ ਸਾਡੇ ਫੈਕਲਟੀ ਦੇ ਅਣਥੱਕ ਸਮਰਪਣ, ਮਾਪਿਆਂ ਦੇ ਅਟੁੱਟ ਸਮਰਥਨ ਅਤੇ ਸਾਡੇ ਵਿਦਿਆਰਥੀਆਂ ਦੀ ਅਸਾਧਾਰਣ ਵਚਨਬੱਧਤਾ ਦਾ ਪ੍ਰਮਾਣ ਹੈ ਕਿ ਅਸੀਂ ਅੱਜ ਇੱਥੇ ਖੜੇ ਹਾਂ ਤੇ ਸਾਲਾਂ ਦੀ ਸਖਤ ਮਿਹਨਤ ਤੇ ਕੁਰਬਾਨੀਆਂ ਦਾ ਜਸ਼ਨ ਮਨਾ ਰਹੇ ਹਾਂ। ਮੈਡੀਸਨ ਦਾ ਖੇਤਰ ਸਿਰਫ ਇੱਕ ਪੇਸ਼ਾ ਨਹੀਂ ਹੈ, ਇਹ ਇੱਕ ਕਲਾ ਹੈ ਜੋ ਨਿਰਸਵਾਰਥਤਾ, ਲਚਕੀਲੇਪਣ ਤੇ ਮਨੁੱਖਤਾ ਲਈ ਇੱਕ ਅਟੁੱਟ ਵਚਨਬੱਧਤਾ ਦੀ ਮੰਗ ਕਰਦੀ ਹੈ। ਦਯਾਨੰਦ ਮੈਡੀਕਲ ਕਾਲਜ ਦੀ ਇੱਕ ਵਿਰਾਸਤ ਹੈ ਜੋ ਪਾਠ ਪੁਸਤਕਾਂ ਤੇ ਕਲਾਸਰੂਮਾਂ ਤੋਂ ਪਰੇ ਹੈ। ਇਹ ਨਾ ਸਿਰਫ ਡਾਕਟਰਾਂ ਨੂੰ ਪੈਦਾ ਕਰਨ ਦੀ ਵਿਰਾਸਤ ਹੈ, ਸਗੋਂ ਦਿਆਲੂ ਇਲਾਜ ਕਰਨ ਵਾਲੇ ਲੋਕ ਜੋ ਉਨ੍ਹਾਂ ਦੀ ਸੇਵਾ ਕਰਦੇ ਲੋਕਾਂ ਦੇ ਜੀਵਨ 'ਤੇ ਉਨ੍ਹਾਂ ਦੀਆਂ ਕਾਰਵਾਈਆਂ ਦੇ ਡੂੰਘੇ ਪ੍ਰਭਾਵ ਨੂੰ ਸਮਝਦੇ ਹਨ। ਡਾ. ਸੂਦ ਨੇ ਆਖਿਆ ਕਿ ਪੂਰੀ ਫਕੈਲਟੀ ਨੂੰ ਇਨ੍ਹਾਂ ਯੁਵਾ ਡਾਕਟਰਾਂ 'ਤੇ ਮਾਪਿਆਂ ਵਾਂਗ ਮਾਣ ਹੈ। ਅੰਤ ਵਿੱਚ ਉਨ੍ਹਾਂ ਨੇ ਗ੍ਰੈਜੂਏਟ ਡਾਕਟਰਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਅੱਗੇ ਦੀ ਯਾਤਰਾ ਲਈ ਵਧਾਈ ਦਿੱਤੀ। ਡਾ. ਸੂਦ ਨੇ ਕਿਹਾ ਕਿ ਤੁਸੀ ਉਨ੍ਹਾਂ ਬੰਧਨਾਂ ਦੀ ਕਦਰ ਕਰੋ, ਜੋ ਤੁਸੀਂ ਬਣਾਏ ਹਨ, ਜੋ ਸਬਕ ਤੁਸੀਂ ਸਿੱਖੇ ਹਨ। ਉਨ੍ਹਾਂ ਕਦਰਾਂ-ਕੀਮਤਾਂ ਤੇ ਨੈਤਿਕਤਾ ਨੂੰ ਅੱਗੇ ਵਧਾਓ, ਜੋ ਤੁਸੀਂ ਇੱਥੇ ਧਾਰਨ ਕੀਤੇ ਹਨ ਅਤੇ ਉਨ੍ਹਾਂ ਨੂੰ ਤੁਹਾਡੀ ਹਰ ਕਾਰਵਾਈ ਦੀ ਅਗਵਾਈ ਕਰਨ ਦਿਓ।

ਗੁਰੂ ਨਾਨਕ ਕਾਲਜ 'ਚ ਮਨਾਇਆ ਤੀਆਂ ਦਾ ਤਿਉਹਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬੀ ਸੱਭਿਆਚਾਰ ਤੇ ਵਿਰਾਸਤ ਨੂੰ ਸਦੀਵੀ ਰੱਖਣ ਲਈ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੇ ਸੱਭਿਆਚਾਰਕ ਗਤੀਵਿਧੀਆਂ ਸੈੱਲ ਦੁਆਰਾ ਤੀਆਂ ਤੀਜ ਦੀਆਂ ਤਿਉਹਾਰ ਇੱਕ ਨਿਵੇਕਲੇ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ ਸਭਿਆਚਾਰਕ ਗੀਤਾਂ ਰਾਹੀਂ ਆਪਣੀ ਨਾਚ ਕਲਾ ਦੇ ਜੌਹਰ ਦਿਖਾਏ ਗਏ। ਕਾਲਜ ਦੀ ਵਿਦਿਆਰਥਣ ਸੁਖਦੀਪ ਕੌਰ ਤੇ ਰੇਸ਼ਮਾ ਨੇ ਆਪਣੀ ਸੁਰੀਲੀ ਆਵਾਜ਼ 'ਚ ਗੀਤ ਗਾ ਕੇ ਰੰਗ ਬੰਨ੍ਹਿਆ। ਮਿਊਜ਼ਿਕ ਵਿਭਾਗ ਦੇ ਮੈਡਮ ਹਰਜੀਤ ਕੌਰ ਨੇ ਆਪਣੀ ਮਨਮੋਹਕ ਆਵਾਜ਼ ਰਾਹੀਂ ਸਰੋਤਿਆਂ ਨੂੰ ਮੰਤਰ ਮੁਗਧ ਕਰਕੇ ਮਾਹੌਲ ਨੂੰ ਸੱਭਿਆਚਾਰਕ ਰੰਗਣ ਦਿੱਤੀ। ਵੱਖ-ਵੱਖ ਵਿਭਾਗਾਂ ਦੁਆਰਾ ਕਰਵਾਏ ਗਏ ਨਾਚ ਮੁਕਾਬਿਲਆਂ ਵਿੱਚੋਂ ਬੀ ਏ ਵਿਭਾਗ ਨੇ ਪਹਿਲਾ ਸਥਾਨ, ਦੂਸਰਾ ਸਥਾਨ ਕਾਲਜੀਏਟ ਸਕੂਲ ਦੀਆਂ ਵਿਦਿਆਰਥਣਾਂ ਤੇ ਤੀਸਰਾ ਸਥਾਨ ਬੀ. ਕਾਮ ਤੇ ਬੇਸਿਕ ਸਾਇੰਸ ਵਿਭਾਗ ਨੇ ਹਾਸਲ ਕੀਤਾ। ਇਸ ਤੋਂ ਇਲਾਵਾ ਮਨਪ੍ਰੀਤ ਕੌਰ, ਬੀ. ਕਾਮ ਨੂੰ ਮਿਸ ਤੀਜ, ਦੀਯਾ, ਬੀ ਏ ਭਾਗ ਪਹਿਲਾ ਨੂੰ ਬੈਸਟ ਡਾਂਸਰ ਤੇ ਸੁਖਮਨਮੀਤ ਕੌਰ, ਵਿਦਿਆਰਥਣ ਬਾਰਵੀਂ ਜਮਾਤ ਨੂੰ ਮਿਸ ਪੰਜਾਬਣ ਦੇ ਖਿਤਾਬ ਨਾਲ ਨਿਵਾਜਿਆ ਗਿਆ। ਇਨ੍ਹਾ

ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਦੂਸਰੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **19.09.2023** ਵਕਤ **15.00 ਵਜੇ** ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

ਟੈਂਡਰ ਪ੍ਰਕਾਰ	ਟੈਂਡਰ ਅਨੁਭਾਗ	ਬੋਲੀ ਪ੍ਰਣਾਲੀ
ਖੁਲੀ	ਕੰਮ	ਏਕਲ ਬੋਲੀ ਪ੍ਰਣਾਲੀ
ਟੈਂਡਰ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ
28.08.2023	05.09.2023	19.09.2023/ 15:00 ਬਜੇ

ਲ.ਨੰ: 1. ਟੈਂਡਰ ਨੰਬਰ: 187-2023-24-PTK-DRM-FZR

ਟੈਂਡਰ ਦਾ ਵੇਰਵਾ : ਸਹਾਇਕ ਮੰਡਲ ਇੰਜੀਨੀਅਰ / ਪਠਾਨਕੋਟ ਦੇ ਅੰਤਰਗਤ ਸੀਨੀਅਰ ਸੈਕਸ਼ਨ ਇੰਜੀਨੀਅਰ/ਬ੍ਰਾਡ ਗੇਜ/ਪੀ.ਵੇ/ਪਠਾਨਕੋਟ ਦੇ ਅਧਿਕਾਰ ਖੇਤਰ ਵਿਚ ਜਲੰਧਰ ਕੈਂਟ-ਪਠਾਨਕੋਟ-ਜੰਮੂ ਸੈਕਸ਼ਨ ਉਤੇ 28.797 ਕਿਮੀ ਰੇਲਵੇ ਟ੍ਰੈਕ ਦਾ ਪੂਰਾ ਨਵੀਨੀਕਰਣ (ਪ੍ਰਾਥਮਿਕ) ਕੰਮ ਕਰਨ ਲਈ।

ਵਿਗਿਆਪਨ ਮੂਲ (ਰੁ:)	ਬਿਆਨਾ ਰਾਸ਼ੀ (ਰੁ:)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
7,18,67,472.18/-	5,09,300/-	60 ਦਿਨ	10 ਮਹੀਨੇ

ਸਮਾਨ ਪ੍ਰਕ੍ਰਿਤੀ ਦਾ ਕੰਮ- ਪੂਰੀ ਟ੍ਰੈਕ ਨਵੀਨੀਕਰਣ/ਪੂਰੀ ਰੇਲ ਨਵੀਨੀਕਰਣ/ਪੂਰੀ ਫਿਟਿੰਗ ਨਵੀਨੀਕਰਣ/ ਪੂਰੀ ਟਰਨ ਆਊਟ ਨਵੀਨੀਕਰਣ, ਟ੍ਰੈਕ ਦੇ ਉਠਾਣ ਦੀ ਜਾਂਚ/ਛਨਾਈ, ਡਿਸਟ੍ਰੇਸਿੰਗ,ਟ੍ਰੈਕ ਮੈਂਟੇਨਸ ਮਸ਼ੀਨ ਦੇ ਪਹਿਲਾ ਅਤੇ ਬਾਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਣ ਦਾ ਕੰਮ।

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ।

ਨੰ:-187-2023-24-PTK-DRM-FZR ਮਿਤੀ :29.08.2023 2691/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

Tender Notice No:- 770-W/169/WA-1/FZR/184-2023-24-ADEN-LDH, 185-2023-24-ADEN-JRC, 186/2023-24-ADEN-JRC ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 18.09.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ/ਸ਼ੁਰੂ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
28.08.2023	04.09.2023	18.09.2023

ਲੜੀ ਨੰਬਰ: 1 ਨਿਵਿਦਾ ਨੰਬਰ : 184-2023-24-ADEN-LDH

ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਆਰਡੀਐਸਓ ਵਿਨਿਰਦੇਸ਼ਾਂ ਦੇ ਅਨੁਸਾਰ ਫਿਟ ਕੀਤੇ ਗਏ ਸਿੰਗਲ ਸ਼ਾਟ ਕਰੂਸਿਬਲ ਦੇ ਨਾਲ 60 ਕਿਲੋਗ੍ਰਾਮ/60 EI-R260 ਗ੍ਰੇਡ ਰੇਲ/52 ਕਿਲੋਗ੍ਰਾਮ-90/72 ਯੂਟੀਐਸ ਰੇਲ ਰੇਲ ਦੀ ਏਟੀ ਵੇਲਡਿੰਗ ਦਾ ਕੰਮ ਕਰਨਾ

ਵਿਗਿਆਪਨ ਮੂਲ (Rs.)	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
5706508.39	60 ਦਿਨ	06 ਮਹੀਨੇ

ਲੜੀ ਨੰਬਰ: 2 ਨਿਵਿਦਾ ਨੰਬਰ : 185-2023-24-ADEN-JRC

ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਦੇ ਅਧਿਕਾਰ ਖੇਤਰ ਵਿਚ CTR(S)4.184 TKM (2.5KM) ਜਲੰਧਰ ਕੈਂਟ ਵਿਚ ਬ੍ਰਿਜ ਵਰਕਸ਼ਾਪ ਵਿਚ ਅਤੇ 1.684 ਕਿ.ਮੀ. CEU ਯਾਰਡ ਵਿਚ ਲੂਪ ਲਾਈਨ ਦਾ ਕੰਮ ਕਰਨਾ

ਵਿਗਿਆਪਨ ਮੂਲ (Rs.)	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
11159737.11	60 ਦਿਨ	12 ਮਹੀਨੇ

ਲੜੀ ਨੰਬਰ: 3 ਨਿਵਿਦਾ ਨੰਬਰ : 186-2023-24-ADEN-JRC

ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਦੇ ਅਧਿਕਾਰ ਖੇਤਰ ਵਿਚ 60 ਕਿਲੋਗ੍ਰਾਮ 90 ਯੂਟੀਐਸ ਰੇਲ (ਐਲਡਬਲਯੂਆਰ) ਦੇ ਨਾਲ ਮੈਨੂੰਅਲ ਦੁਆਰਾ ਟੀਆਰਆਰ (ਪੀ) (5.30 ਕਿਮੀ) ਕਿਮੀ 12.00 ਤੋਂ 14.00 ਅਤੇ ਕਿਮੀ 85.70 ਤੋਂ 89.00 (ਡੀਐਨ ਲਾਈਨ) ਤੇ ਕੰਮ ਕਰਨਾ

ਵਿਗਿਆਪਨ ਮੂਲ (Rs.)	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
9923959.26	60 ਦਿਨ	12 ਮਹੀਨੇ

2681/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਚੋਥੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **19.09.2023** ਵਕਤ **15.00 ਵਜੇ** ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

ਟੈਂਡਰ ਪ੍ਰਕਾਰ	ਟੈਂਡਰ ਅਨੁਭਾਗ	ਬੋਲੀ ਪ੍ਰਣਾਲੀ
ਖੁਲੀ	ਕੰਮ	ਏਕਲ ਬੋਲੀ ਪ੍ਰਣਾਲੀ
ਟੈਂਡਰ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ
26.08.2023	05.09.2023	19.09.2023/ 15:00 ਵਜੇ

ਲ.ਨੰ: 1. ਟੈਂਡਰ ਨੰਬਰ: 180-2023-24-UHP-DRM-FZR

ਟੈਂਡਰ ਦਾ ਵੇਰਵਾ : ਟੀਆਰਆਰ (ਪੀ) 8.56 ਕਿਮੀ ਦਾ ਕੰਮ ਸਹਾਇਕ ਮੰਡਲ ਇੰਜੀਨੀਅਰ / ਉਧਮਪੁਰ ਦੇ ਤਹਿਤ ਆਉਣ ਵਾਲੇ ਸੈਕਸ਼ਨ ਜੰਮੂ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਖੰਡ ਉਤੇ ਕਿਮੀ 15 ਤੋਂ 15.560 ਤਕ, ਕਿਮੀ 19 ਤੋਂ 23 ਕਿਮੀ 41 ਤੋਂ 43 ਅਤੇ ਕਿਮੀ 49 ਤੋਂ 41 ਤਕ

ਵਿਗਿਆਪਨ ਮੂਲ (ਰੁ:)	ਬਿਆਨਾ ਰਾਸ਼ੀ (ਰੁ:)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
1,67,68,173.09/-	2,33,900/-	60 ਦਿਨ	12 ਮਹੀਨੇ

ਸਮਾਨ ਪ੍ਰਕ੍ਰਿਤੀ ਦਾ ਕੰਮ - ਪੂਰੀ ਟ੍ਰੈਕ ਨਵੀਨੀਕਰਣ/ਪੂਰੀ ਰੇਲ ਨਵੀਨੀਕਰਣ/ਪੂਰੀ ਫਿਟਿੰਗ ਨਵੀਨੀਕਰਣ/ਪੂਰੀ ਟਰਨ ਆਊਟ ਨਵੀਨੀਕਰਣ, ਟ੍ਰੈਕ ਮੈਂਟੇਨਸ ਮਸ਼ੀਨ ਦੇ ਪਹਿਲਾ ਅਤੇ ਬਾਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਣ ਦਾ ਕੰਮ।

ਲ.ਨੰ: 2. ਟੈਂਡਰ ਨੰਬਰ: 182-2023-24-UHP-DRM-FZR

ਟੈਂਡਰ ਦਾ ਵੇਰਵਾ : ਕੰਮ ਸਹਾਇਕ ਮੰਡਲ ਇੰਜੀਨੀਅਰ / ਉਧਮਪੁਰ ਦੇ ਤਹਿਤ ਟੀਆਰਆਰ (ਐਸ) 16.631 ਕਿਮੀ, ਉਧਮਪੁਰ ਵਿਚ 1,2,3,5 (ਕੁਲ ਲੰਬਾਈ 3.187 ਕਿਮੀ), ਲੂਪ ਲਾਇਨ ਨੰ: ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਵਿਚ 1,3 ਅਤੇ 4 (ਕੁਲ ਲੰਬਾਈ 1.508 ਕਿਮੀ), ਲੂਪ ਲਾਇਨ ਨੰ: ਚਕ ਰੱਖਵਾਲ ਵਿਚ 1 ਅਤੇ 2 (ਕੁਲ ਲੰਬਾਈ 2.236 ਕਿਮੀ), ਲੂਪ ਲਾਇਨ ਨੰ: ਐਸਜੀਆਰ ਉਤੇ 1 ਅਤੇ 3 (ਕੁਲ ਲੰਬਾਈ 1.815 ਕਿਮੀ), ਲੂਪ ਲਾਇਨ ਨੰ: ਬਜਾਲਤਾ ਵਿਚ 1 ਅਤੇ 3 (ਕੁਲ ਲੰਬਾਈ 1.919 ਕਿਮੀ), ਲੂਪ ਲਾਇਨ ਨੰ: ਰਾਮਨਗਰ ਵਿਚ 1 ਅਤੇ 3 (ਕੁਲ ਲੰਬਾਈ 1.978 ਕਿਮੀ), ਲੂਪ ਲਾਇਨ ਨੰ: ਐਮਐਨਵੀਐਲ ਉਤੇ 1 ਅਤੇ 3 (ਕੁਲ ਲੰਬਾਈ 2.9 ਕਿਮੀ), ਲੂਪ ਲਾਇਨ ਨੰ: ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਵਿਚ 3 ਅਤੇ 4 (ਕੁਲ ਲੰਬਾਈ 0.998 ਕਿਮੀ), ਜੰਮੂ-ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਖੰਡ ਉਤੇ ਮੈਨੂੰਅਲ ਦੁਵਾਰਾ 60 ਕਿਲੋਗ੍ਰਾਮ 90 ਯੂਟੀਐਸ ਰੇਲ (ਐਲਡਬਲਯੂਆਰ) ਅਤੇ ਪੀਐਸਸੀ-6 (ਨਵੇ) ਸਲੀਪਰ (1660 ਨੰਬਰ/ਕਿਮੀ) ਇਲਾਸਟਿਕ ਦੇ ਨਾਲ ਫਾਸਟਨਿੰਗਸ।

ਵਿਗਿਆਪਨ ਮੂਲ (ਰੁ:)	ਬਿਆਨਾ ਰਾਸ਼ੀ (ਰੁ:)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
2,14,63,085.39/-	2,57,300/-	60 ਦਿਨ	12 ਮਹੀਨੇ

ਸਮਾਨ ਪ੍ਰਕ੍ਰਿਤੀ ਦਾ ਕੰਮ - ਪੂਰੀ ਟ੍ਰੈਕ ਨਵੀਨੀਕਰਣ/ਪੂਰੀ ਰੇਲ ਨਵੀਨੀਕਰਣ/ਪੂਰੀ ਫਿਟਿੰਗ ਨਵੀਨੀਕਰਣ/ਪੂਰੀ ਟਰਨ ਆਊਟ ਨਵੀਨੀਕਰਣ, ਟ੍ਰੈਕ ਮੈਂਟੇਨਸ ਮਸ਼ੀਨ ਦੇ ਪਹਿਲਾ ਅਤੇ ਬਾਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਣ ਦਾ ਕੰਮ।

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ।

ਨੰ:-180-2023-24-UHP-DRM-FZR & 182-2023-24-UHP-DRM-FZR ਮਿਤੀ : 28.08.2023 2682/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਦੋਸ਼ੀ ਵਿਅਕਤੀ ਦੀ ਪੇਸ਼ੀ ਲਈ ਮੁਨਾਦੀ

(ਵੇਖੋ ਸੈਕਸ਼ਨ 82 ਸੀ ਆਰ ਪੀ ਸੀ)

ਜਦੋਂ ਕਿ ਮੇਰੇ ਸਨਮੁੱਖ ਸ਼ਿਕਾਇਤ ਕੀਤੀ ਜਾ ਚੁੱਕੀ ਹੈ ਕਿ ਸ੍ਰੀ ਹਰਜੀਤ ਸਿੰਘ ਪੁੱਤਰ ਅਮਰੀਕ ਸਿੰਘ 270/4, ਜ਼ਿਲ੍ਹਾ ਪੱਟੀ, ਗਲੀ ਜੈਸੀ ਰਾਮ ਪਟਵਾਰੀ ਵਾਲੀ, 14341616, ਤਰਨ ਤਾਰਨ ਪੰਜਾਬ ਨੇ ਮੁਕੱਦਮਾ ਨੰ: VIII/18 ਡੀ ਜ਼ੈੱਡ ਯੂ/2022 ਨਾਰਕੋਟਿਕਸ ਕੰਟਰੋਲ ਬਿਊਰੋ ਦਿੱਲੀ ਯੂਨਿਟ, ਐੱਨ ਡੀ ਪੀ ਐੱਸ ਐਕਟ 1985 ਦੇ ਸੈਕਸ਼ਨ 8/23/20 ਤਹਿਤ ਜੁਰਮ (ਜਾਂ ਜੁਰਮ ਦਾ ਸ਼ੱਕੀ) ਕੀਤਾ ਹੈ ਅਤੇ ਉਸ ਦੀ ਗ੍ਰਿਫਤਾਰੀ ਦੇ ਵਾਰੰਟ 'ਚ ਤਬਦੀਲ ਹੋ ਗਿਆ ਹੈ, ਜਿਸ 'ਚ ਕਿਹਾ ਗਿਆ ਹੈ ਕਿ ਉਕਤ ਸ੍ਰੀ ਹਰਜੀਤ ਸਿੰਘ ਪੁੱਤਰ ਅਮਰੀਕ ਸਿੰਘ ਨੂੰ ਲੱਭਿਆ ਨਹੀਂ ਜਾ ਸਕਦਾ ਅਤੇ ਮੈਨੂੰ ਯਕੀਨ ਹੋ ਗਿਆ ਹੈ ਕਿ ਉਕਤ ਸ੍ਰੀ ਹਰਜੀਤ ਸਿੰਘ ਪੁੱਤਰ ਅਮਰੀਕ ਸਿੰਘ 270/4, ਜ਼ਿਲ੍ਹਾ ਪੱਟੀ, ਗਲੀ ਜੈਸੀ ਰਾਮ ਪਟਵਾਰੀ ਵਾਲੀ 14341616, ਤਰਨ ਤਾਰਨ, ਪੰਜਾਬ ਵਾਰੰਟ ਦੀ ਤਾਮੀਲ ਨੂੰ ਟਾਲਣ ਲਈ ਆਪਣੇ ਆਪ ਨੂੰ ਛੁਪਾ ਰਿਹਾ ਹੈ ਅਤੇ ਭਰਗੌੜਾ ਹੋ ਗਿਆ ਹੈ। ਮੁਨਾਦੀ ਕੀਤੀ ਜਾਂਦੀ ਹੈ ਕਿ ਉਕਤ ਸ੍ਰੀ ਹਰਜੀਤ ਸਿੰਘ ਪੁੱਤਰ ਅਮਰੀਕ ਸਿੰਘ 270/4, ਜ਼ਿਲ੍ਹਾ ਪੱਟੀ, ਗਲੀ ਜੈਸੀ ਰਾਮ ਪਟਵਾਰੀ ਵਾਲੀ 14341616, ਤਰਨ ਤਾਰਨ, ਪੰਜਾਬ ਦੀ ਉਕਤ ਸ਼ਿਕਾਇਤ ਦੇ ਜਵਾਬ ਲਈ ਅਦਾਲਤ ਸਨਮੁੱਖ 3.10.2023 ਨੂੰ ਪੇਸ਼ੀ ਹੈ।

ਬਾ-ਹੁਕਮ
ਸ੍ਰੀ ਸੁਧੀਰ ਕੁਮਾਰ ਸਿਰੋਹੀ
ਵਿਸ਼ੇਸ਼ ਜੱਜ, ਐੱਨ ਡੀ ਪੀ ਐੱਸ ਐਕਟ
ਰੂਮ ਨੰ: ਪੀ-1, ਪੀ ਬਿਲਡਿੰਗ, ਪਟਿਆਲਾ ਹਾਊਸ ਕੋਰਟ

cbc 19126/11/0010/2324

ਉਚ ਨਯਾਲਯ ਮਧਯਪ੍ਰਦੇਸ਼, ਜਬਲਪੁਰ
ਪ੍ਰਤਯਥੀਂ ਕੋ ਅਪੀਲ ਕੀ ਸੂਚਨਾ (ਨੋਟਿਸ)

(ਅਧਿਨਿਯਮ ਕ੍ਰਮਾਂਕ 5, ਸਨ੍ 1908 ਕਾ ਆਦੇਸ਼ 41, ਨਿਯਮ 14) ਅਪੀਲ ਕ੍ਰਮਾਂਕ-FA/1863/2022

Process Id: 153456/2023 Respondent No.1 Fixed for 03.10.2023

Abhilash M Nair .....ਅਪੀਲਾਰਥੀ

Aswati Nair W/o Shri Abhilash M Nair..... ਪ੍ਰਤਯਥੀ

ਸਨ੍ 2021 ਕੇ RCS HM ਕ੍ਰਮਾਂਕ 1722 ਸਨ੍ 2021 ਮੇਂ ਨ੍ਯਾਯਲਯ I Additional-Principal Judge, Family Court Shri Arvind Raghuwanshi, Bhopal (M.P.) ਕੀ ਡਿਕ੍ਰੀ/ਆਦੇਸ਼ ਦਿਨਾਂਕ 09.11.2022 ਕੇ ਵਿਰੂਦ੍ਧ ਅਪੀਲ

ਪ੍ਰਤਿ,

Aswati Nair W/o Shri Abhilash M Nair D/o Shri Anil Kumar Nair, R/o H.No.70 Gururamdas Enclave, Sher Singh Colony Basti Bava, Khel P.O. District- Jalandhar, District-Jalandhar (Punjab) ਪ੍ਰਤਯਥੀਂ

ਆਪਕੋ ਸੂਚਿਤ ਹੋ ਕਿ ਉਪਰ ਵਰਣਿਤ ਅਪੀਲ ਸ਼੍ਰੀ Appellant ਦ੍ਵਾਰਾ ਪ੍ਰਸ੍ਤੁਤ ਕੀ ਗਈ ਔਰ ਇਸ ਨ੍ਯਾਯਾਲਯ ਮੇਂ ਪੰਜੀਯਿਤ ਕੀ ਗਈ ਹੈ ਤਥਾ ਇਸ ਨ੍ਯਾਯਾਲਯ ਦ੍ਵਾਰਾ ਅਪੀਲ ਕੀ ਸੁਨਵਾਈ ਕਾ ਦਿਨਾਂਕ 03.10.2023 ਨਿਯਤ ਕੀ ਗਈ ਹੈ। ਆਪਤਿਯਾਂ, ਪ੍ਰਤਿ ਆਪਤਿਯਾਂ ਯਦਿ ਕੋਈ ਹੋ ਤੋ ਇਸ ਸੂਚਨਾ (ਨੋਟਿਸ) ਕੇ ਪ੍ਰਾਪ੍ਤ (ਪ੍ਰਕਾਸ਼ਿਤ) ਹੋਨੇ ਕੇ ਦਿਨਾਂਕ ਸੇ ਏਕ ਮਹੀਨੇ ਕੇ ਭੀਤਰ ਫਾਇਲ ਕੀ ਜਾਨੀ ਚਾਹਿਯੇ। ਕ੍ਰਪਯਾ ਇਸ ਬਾਤ ਸੇ ਭੀ ਸੂਚਿਤ ਹੋ ਕਿ ਆਪਸੇ ਯਹ ਭੀ ਅਪੇਕ੍ਸ਼ਿਤ ਹੈ ਕਿ ਆਪ ਦਿਨਾਂਕ 03.10.2023 ਕੋ ਯਾ ਉਸਸੇ ਪਹਲੇ ਐਸੇ ਕਾਗਜਾਤ ਔਰ ਦਸ੍ਤਾਵੇਜੋਂ ਕੀ ਜੋ ਆਪ ਕਾਗਜਾਤੋਂ ਕਰਨੇ ਕਾ ਦਿਨਾਂਕ ਕੀ ਪੁਸ੍ਤਕ ਮੇਂ ਸ਼ਾਮਿਲ ਕਰਨਾ ਚਾਹਤੇ ਹੈ, ਏਕ ਸੂਚੀ ਅਪਨੇ ਸ੍ਵਯ ਕੇ ਖਰਚੇ ਸੇ ਤੈਯਾਰ ਕਰਕੇ ਇਸ ਨ੍ਯਾਯਾਲਯ ਮੇਂ ਪਰਿਦਤ੍ਤ ਕਰੇਂ। ਸੂਚੀ ਮੇਂ ਐਸੇ ਕਾਗਜਾਤ ਔਰ ਦਸ੍ਤਾਵੇਜੋਂ ਕਾ ਉਲ੍ਲੇਖ ਕਰਨਾ ਆਵਸ਼ਯਕ ਨਹੀਂ ਹ

30-AUG-PAGE-7.qxd 8/29/2023 9:40 PM Page 1

ਗੰਨੇ ਦੀ ਬਕਾਇਆ ਰਾਸ਼ੀ ਨੂੰ ਲੈ ਕੇ ਕਿਸਾਨ ਆਗੂ ਟੈਂਕੀ 'ਤੇ ਚੜ੍ਹ ਮਰਨ ਵਰਤ 'ਤੇ ਬੈਠੇ

ਮਰਦੇ ਦਮ ਤੱਕ ਗੰਨੇ ਦੀ ਬਕਾਇਆ ਰਾਸ਼ੀ ਲੈਣ ਲਈ ਸੰਘਰਸ਼ ਜਾਰੀ ਰੱਖਾਂਗੇ : ਬੁਗਰਾ

ਧੂਰੀ (ਸੁਖਦੇਵ ਧੂਰੀ, ਬਿੰਨੀ ਗਰਗ, ਰਾਜੇਸ਼ਵਰ ਪਿੰਟੂ)-ਸਥਾਨਕ ਸ਼ੂਗਰ ਮਿੱਲ ਵੱਲ ਗੰਨਾ ਕਾਸ਼ਤਕਾਰਾਂ ਦੀ ਬਕਾਇਆ ਰਾਸ਼ੀ ਨੂੰ ਲੈ ਕੇ ਗੰਨਾ ਸੰਘਰਸ਼ ਕਮੇਟੀ ਧੂਰੀ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ ਤੇ ਇਸੇ ਤਹਿਤ ਹੀ ਪਿਛਲੇ 15 ਦਿਨਾਂ ਤੋਂ ਤਹਿਸੀਲ ਕੰਪਲੈਕਸ ਧੂਰੀ ਵਿੱਚ ਗੰਨਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਬੁਗਰਾ ਦੀ ਅਗਵਾਈ ਹੇਠ ਧਰਨਾ ਦਿੱਤਾ ਜਾ ਰਿਹਾ ਹੈ ਅਤੇ ਬੀਤੇ ਕੱਲ੍ਹ ਕਿਸਾਨ ਕਿਸਾਨ ਆਗੂ ਹਰਜੀਤ ਸਿੰਘ ਬੁਗਰਾ ਤੇ ਸੁਖਵੰਤ ਸਿੰਘ ਸੰਧੂ ਨੇ ਸੰਘਰਸ਼ ਨੂੰ ਹੋਰ ਤਿੱਖਾ ਕਰਦਿਆਂ ਤਹਿਸੀਲ ਕੰਪਲੈਕਸ ਧੂਰੀ ਦੀ ਛੱਤ 'ਤੇ ਬਣੀ ਟੈਂਕੀ 'ਤੇ ਚੜ੍ਹ ਕੇ ਭੁੱਖ ਹੜਤਾਲ ਰੱਖਦਿਆਂ ਮਰਨ ਵਰਤ 'ਤੇ ਬੈਠਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਗੰਨਾ ਸੰਘਰਸ਼ ਕਮੇਟੀ ਧੂਰੀ ਦੇ ਪ੍ਰਧਾਨ ਹਰਜੀਤ ਸਿੰਘ ਬੁਗਰਾ ਨੇ ਗੱਲਬਾਤ ਕਰਦਿਆਂ ਸ਼ੂਗਰ ਮਿੱਲ ਤੋਂ ਗੰਨਾ ਕਾਸ਼ਤਕਾਰਾਂ ਦੀ ਰਹਿੰਦੀ ਬਕਾਇਆ ਰਕਮ ਕਿਸਾਨਾਂ ਨੂੰ ਨਾ ਦਵਾਉਣ ਲਈ ਪ੍ਰਸ਼ਾਸਨ ਤੇ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਅਸੀਂ ਗੰਨਾ ਕਾਸ਼ਤਕਾਰਾਂ ਦੀ ਰਹਿੰਦੀ ਬਕਾਇਆ ਅਦਾਇਗੀ ਲੈਣ ਲਈ ਮਰਦੇ ਦਮ ਤੱਕ ਸੰਘਰਸ਼ ਕਰਾਂਗੇ ਤੇ ਗੰਨਾ ਕਾਸ਼ਤਕਾਰਾਂ ਦੀ ਬਕਾਇਆ ਰਾਸ਼ੀ ਲੈਣ ਤੱਕ ਹੀ ਇਹ ਸੰਘਰਸ਼ ਜਾਰੀ ਰਹੇਗਾ।

ਬਲੌਜਮਜ਼ ਸਕੂਲ ਦੇ ਵਿਦਿਆਰਥੀਆਂ ਨੇ ਵੇਖੀ 'ਮਸਤਾਨੇ' ਫ਼ਿਲਮ

ਜਗਰਾਉਂ (ਅਮਿਤ ਖੰਨਾ)-ਬਲੌਜਮਜ ਸਕੂਲ ਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਅਸਲੀ ਪਛਾਣ ਕਰਾਉਣ ਲਈ ਆਈ ਫ਼ਿਲਮ 'ਮਸਤਾਨੇ' ਨੂੰ ਦਿਖਾਇਆ ਗਿਆ। ਇਹ ਫ਼ਿਲਮ ਵਿਦਿਆਰਥੀਆਂ ਨੂੰ ਕਈ ਗਰੁੱਪਾਂ ਵਿੱਚ ਵਿਖਾਈ ਗਈ। ਵਿਦਿਆਰਥੀਆਂ ਵਿੱਚ ਇਸ ਫ਼ਿਲਮ ਨੂੰ ਵੇਖਣ ਦਾ ਬਹੁਤ ਉਤਸ਼ਾਹ ਸੀ।

ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਪੱਛਮੀ ਸੱਭਿਆਚਾਰ ਦੇ ਵਧ ਰਹੇ ਪ੍ਰਭਾਵ ਕਰਕੇ ਵਿਦਿਆਰਥੀ ਆਪਣੇ ਵਿਰਸੇ ਨਾਲੋਂ ਦੂਰ ਹੁੰਦੇ ਜਾ ਰਹੇ ਹਨ, ਪਰ ਇਸ ਫ਼ਿਲਮ ਨੇ ਜਿੱਥੇ ਸਿੱਖ ਧਰਮ ਨੂੰ ਬਹੁਤ ਨੇੜਿਓਂ ਹੋ ਕੇ ਅਸਲੀਅਤ ਨੂੰ ਪੇਸ਼ ਕੀਤਾ ਹੈ, ਉਥੇ ਵਿਦਿਆਰਥੀ ਦੇ ਅੰਦਰਲੇ ਵਹਿਮਾਂ ਭਰਮਾਂ ਨੂੰ ਦੂਰ ਕੀਤਾ। ਉਨ੍ਹਾਂ ਇੱਥੇ ਇਸ ਫ਼ਿਲਮ ਨੂੰ ਬਣਾਉਣ ਵਾਲੇ ਸਾਰੇ ਹੀ ਕਲਾਕਾਰਾਂ ਨੂੰ ਸੁਭ ਕਾਮਨਾਵਾਂ ਦਿੱਤੀਆਂ। ਫ਼ਿਲਮ ਨਾਲ ਸਮਾਜ ਵਿੱਚ ਸਿੱਖ ਧਰਮ ਨੂੰ ਲੈ ਕੇ ਜੋ ਵੀ ਗ਼ਲਤਫ਼ਹਿਮੀਆਂ ਸਨ, ਉਹ ਦੂਰ ਹੋ ਜਾਣਗੀਆਂ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ ਅਤੇ ਪ੍ਰੈਜੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਕਿਹਾ ਕਿ 'ਮਸਤਾਨੇ' ਫ਼ਿਲਮ ਵੱਖਰੀ ਪਛਾਣ ਛੱਡ ਕੇ ਜਾਵੇਗੀ।

ਵੱਖ-ਵੱਖ ਸਕੂਲਾਂ/ਕਾਲਜਾਂ 'ਚ 'ਰਾਸ਼ਟਰੀ ਖੇਡ ਦਿਵਸ' ਮਨਾਇਆ

ਬਰੇਟਾ

ਮਲੋਟ

ਬਰੇਟਾ (ਗੋਬਿੰਦ ਸ਼ਰਮਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਖੇਡ ਵਿਭਾਗ ਵੱਲੋਂ ਰਾਸ਼ਟਰੀ ਖੇਡ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਖੇਡ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਕਈ ਦਿਲਚਸਪ ਖੇਡਾਂ ਕਰਵਾਈਆਂ ਗਈਆਂ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਖੇਡ ਵਿਭਾਗ ਦੇ ਮੁਖੀ ਪ੍ਰੋ: ਕੁਲਦੀਪ ਸਿੰਘ ਨੇ ਮੇਜਰ ਧਿਆਨ ਚੰਦ ਦੇ ਜੀਵਨ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਾਲਜ ਇੰਚਾਰਜ ਸ੍ਰੀ ਸਰਵਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਤੇ ਅਜੋਕੇ ਸਮੇਂ ਵਿੱਚ ਖੇਡਾਂ ਦੀ ਸਾਰਥਿਕਤਾ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਅਸੀਂ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿ ਸਕੀਏ। ਇਸ ਮੌਕੇ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਕਮਲ ਸਿੰਗਲਾ ਤੇ ਚੇਅਰਮੈਨ ਸ੍ਰ. ਸੁਖਵਿੰਦਰ ਸਿੰਘ ਚਹਿਲ ਨੇ ਵੀ ਵਿਦਿਆਰਥੀਆਂ ਨੂੰ ਇਸ ਦਿਹਾੜੇ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਖੇਡਾਂ ਨੂੰ ਜੀਵਨ ਦਾ ਜ਼ਰੂਰੀ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ।

ਮਲੋਟ (ਗੁਰਮੀਤ ਸਿੰਘ ਮੱਕੜ) : ਸਥਾਨਕ ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਗੁਪਤਾ ਤੇ ਐੱਨ.ਐੱਸ.ਐੱਸ. ਯੂਨਿਟ ਦੇ ਅਫਸਰ ਡਾ. ਜਸਬੀਰ ਕੌਰ ਅਤੇ ਡਾ. ਵਿਨੀਤ ਕੁਮਾਰ ਦੀ ਅਗਵਾਈ ਵਿੱਚ 'ਰਾਸ਼ਟਰੀ ਖੇਡ ਦਿਵਸ' ਮਨਾਇਆ ਗਿਆ। ਇਹ ਖੇਡ ਦਿਵਸ 'ਫਿੱਟ ਇੰਡੀਆ ਮੂਵਮੈਂਟ' ਦੇ ਤਹਿਤ ਹਰ ਸਾਲ 29 ਅਗਸਤ ਨੂੰ ਮਨਾਇਆ ਜਾਂਦਾ ਹੈ। ਇਸ ਮੌਕੇ ਕਾਲਜ ਦੇ ਲਗਭਗ 200 ਵਿਦਿਆਰਥੀਆਂ ਨੇ ਸਹੁੰ ਚੁੱਕੀ ਕਿ ਉਹ ਆਪਣੇ ਆਪ ਨੂੰ ਫਿੱਟ ਰੱਖਣ ਲਈ ਹਰ ਰੋਜ਼ ਤੀਹ ਮਿੰਟ ਕਿਸੇ ਨਾ ਕਿਸੇ ਖੇਡ ਵਿੱਚ ਹਿੱਸਾ ਲੈਣਗੇ ਤੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਤੇ ਪਰਿਵਾਰਕ ਮੈਂਬਰਾਂ ਨੂੰ ਵੀ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕਰਨਗੇ। ਇਸ ਤੋਂ ਇਲਾਵਾ ਵਿਦਿਆਰਥੀਆਂ ਦੁਆਰਾ ਇੱਕ ਰੈਲੀ ਵੀ ਕੱਢੀ ਗਈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਤੇ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਸਮੇਤ ਡਾ. ਬਲਜਿੰਦਰ ਸਿੰਘ, ਮੈਡਮ ਰਿਪੂ ਤੇ ਮੈਡਮ ਭੁਪਿੰਦਰ ਕੌਰ ਸ਼ਾਮਲ ਸਨ।

ਸੰਗਰੂਰ

ਸੰਗਰੂਰ (ਪ੍ਰਵੀਨ ਸਿੰਘ) : ਸਰਕਾਰੀ ਪ੍ਰਾਇਮਰੀ ਸਕੂਲ ਕਾਂਝਲਾ-1 ਵਿੱਚ ਰਾਸ਼ਟਰੀ ਖੇਡ ਦਿਵਸ ਮੌਕੇ ਵਿਸ਼ੇਸ਼ ਤੌਰ 'ਤੇ ਖੇਡਾਂ ਦਾ ਆਯੋਜਨ ਕੀਤਾ ਗਿਆ। ਸਕੂਲ ਅਧਿਆਪਕ ਹਰਕੀਰਤ ਕੌਰ (ਸੋਨ ਤਗਮਾ ਜੇਤੂ ਰਾਸ਼ਟਰੀ ਖਿਡਾਰੀ) ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਰਾਸ਼ਟਰੀ ਖੇਡ ਦਿਵਸ ਇੱਕ ਸਾਲਾਨਾ ਸਮਾਰੋਹ ਹੈ, ਜੋ 29 ਅਗਸਤ ਨੂੰ ਆਉਂਦਾ ਹੈ। ਇਹ ਦਿਨ ਭਾਰਤ ਦੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਦੀ ਯਾਦ 'ਚ ਮਨਾਇਆ ਜਾਂਦਾ ਹੈ। ਰਾਸ਼ਟਰੀ ਖੇਡ ਦਿਵਸ ਮਨਾਉਣ ਦਾ ਉਦੇਸ਼ ਮੇਜਰ ਧਿਆਨ ਚੰਦ ਦੀ ਵਿਰਾਸਤ ਨੂੰ ਮਨਾਉਣਾ ਹੈ। ਇਸ ਦਿਨ ਨੂੰ ਮਨਾਉਣ ਦੀ ਇਕ ਖਾਸ ਵਜ੍ਹਾ ਖੇਡਾਂ ਨਾਲ ਸਰੀਰਕ ਗਤੀਵਿਧੀਆਂ ਨੂੰ ਸਾਡੇ ਜੀਵਨ 'ਚ ਸ਼ਾਮਲ ਕਰਨ ਦੀ ਜ਼ਰੂਰਤ ਤੇ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮੌਕੇ ਵਿਦਿਆਰਥੀਆਂ ਦੀਆਂ ਦੌੜਾਂ, ਲੰਬੀ ਛਾਲ, ਘੋਲ ਤੇ ਕੁਸ਼ਤੀ ਮੁਕਾਬਲੇ ਕਰਵਾਏ ਗਏ। ਅਧਿਆਪਕਾ ਹਰਕੀਰਤ ਕੌਰ ਤੇ ਗਗਨਦੀਪ ਕੌਰ ਵੱਲੋਂ ਜੇਤੂਆਂ ਨੂੰ ਇਨਾਮ ਦਿੱਤੇ ਗਏ।

ਜਗਰਾਓਂ

ਜਗਰਾਓਂ (ਅਮਿਤ ਖੰਨਾ) : ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਮੇਜਰ ਧਿਆਨ ਚੰਦ ਦੀ ਯਾਦ ਵਿੱਚ ਨੈਸ਼ਨਲ ਸਪੋਰਟਸ ਡੇ ਮਨਾਇਆ ਗਿਆ। ਇਸ ਦੀ ਸ਼ੁਰੂਆਤ ਮਾਰਚ ਪਾਸਟ, ਬੈਂਡ ਤੇ ਪੀ ਟੀ ਸ਼ੋ ਤੋਂ ਕੀਤੀ ਗਈ। ਇਸ ਤੋਂ ਬਾਅਦ ਵੱਖ ਵੱਖ ਖੇਡਾਂ ਕਰਵਾਈਆਂ ਗਈਆਂ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮੋਨਾ ਠਾਕਰ ਨੇ ਜਿੱਤਣ ਵਾਲੇ ਬੱਚਿਆਂ ਨੂੰ ਵਧਾਈਆਂ ਦਿੱਤੀਆਂ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਹੋਰ ਬੱਚਿਆਂ ਨੂੰ ਖੇਡ ਮੁਕਾਬਲਿਆਂ 'ਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾ ਮੇਜਰ ਧਿਆਨ ਚੰਦ ਜੀ ਦੇ ਜੀਵਨ ਬਾਰੇ ਬੱਚਿਆਂ ਨੂੰ ਦੱਸਿਆ ਤੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਲਈ ਕਿਹਾ। ਇਸ ਮੌਕੇ ਸਕੂਲ ਮੈਨੇਜਮੈਂਟ ਮੈਂਬਰ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀ ਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ ਹਾਜ਼ਰ ਸਨ।

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਿਰੋਜ਼ਪੁਰ ਸ਼ਹਿਰ ਵਿਖੇ ਪ੍ਰਿੰਸੀਪਲ ਜਗਦੀਪ ਪਾਲ ਸਿੰਘ ਦੀ ਰਹਿਨੁਮਾਈ ਹੇਠ ਸਕੂਲ ਵਿੱਚ ਹਾਕੀ ਦੇ ਜਾਦੂਗਰ ਧਿਆਨ ਚੰਦ ਦੇ ਜਨਮ ਦਿਹਾੜੇ 'ਤੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਬਾਰੇ ਦੱਸਿਆ ਗਿਆ ਤੇ ਉਸ ਤੋਂ ਬਾਅਦ ਵਿਦਿਆਰਥੀਆਂ ਦੇ ਹਾਕੀ ਦੇ ਮੈਚ ਕਰਵਾਏ ਗਏ।ਇਸ ਮੈਚ ਦਾ ਪ੍ਰਬੰਧ ਚਰਨਜੀਤ ਸਿੰਘ ਡੀਪੀਈ, ਲਖਵਿੰਦਰ ਸਿੰਘ ਵੋਕੇਸ਼ਨਲ ਲੈਕਚਰਾਰ, ਨੀਤਿਮਾ ਸ਼ਰਮਾ ਲੈਕਚਰਾਰ, ਰਾਜਿੰਦਰ ਕੌਰ ਲੈਕਚਰਾਰ, ਹਰਲੀਨ ਕੌਰ ਲੈਕਚਰਾਰ, ਦੀਪਕ ਕੁਮਾਰ, ਸੁਨੀਤਾ ਰਾਣੀ, ਹਰਜਿੰਦਰ ਕੌਰ, ਲਖਵਿੰਦਰ ਸਿੰਘ, ਵੋਕੇਸ਼ਨਲ ਟ੍ਰੇਨਰ ਮਿਲੀ ਸੋਹੀ, ਇੰਦਰਜੀਤ ਕੌਰ, ਸ਼ੈਲੀ ਬਜਾਜ, ਰਣਜੀਤ ਕੌਰ, ਸੁਖਵਿੰਦਰ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

ਫਿਰੋਜ਼ਪੁਰ

ਕਾਤਰਾਂ

ਪ੍ਰਵਾਸੀ ਮਜ਼ਦੂਰ ਦਾ ਕਤਲ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਤਲਵੰਡੀ ਭਾਈ ਦੇ ਅਜੀਤ ਨਗਰ ਵਿੱਚ ਹੱਡਾ ਰੋੜੀ ਦੇ ਸਾਹਮਣੇ ਬੀਤੀ ਰਾਤ ਇੱਕ 22 ਸਾਲਾ ਪ੍ਰਵਾਸੀ ਮਜ਼ਦੂਰ ਦਾ ਕਤਲ ਕੀਤੇ ਜਾਣ ਦੀ ਖਬਰ ਮਿਲੀ ਹੈ। ਮ੍ਰਿਤਕ ਦੇ ਭਰਾ ਰਣਜੀਤ ਪਾਸਵਾਨ ਪੁੱਤਰ ਸਵੋਦ ਪਾਸਵਾਨ ਵਾਸੀ ਅਜੀਤ ਨਗਰ ਤਲਵੰਡੀ ਭਾਈ ਨੇ ਦੱਸਿਆ ਕਿ ਬੀਤੀ ਰਾਤ ਉਸ ਦੇ ਛੋਟੇ ਭਰਾ ਸੈਂਟੂ ਉਮਰ 22 ਸਾਲ ਨੂੰ ਕਤਲ ਕਰ ਦਿੱਤਾ ਗਿਆ, ਜਿਸ ਦੀ ਲਾਸ਼ ਰੇਲਵੇ ਸਟੇਸ਼ਨ ਨੇੜੇ ਹੱਡਾ ਰੋੜੀ ਦੇ ਸਾਹਮਣੇ ਤਲਵੰਡੀ ਭਾਈ ਤੋਂ ਹਰਾਜ ਰੋਡ ਨਾਲ ਪੈਂਦੇ ਝੋਨੇ ਦੇ ਖਤੇ ਵਿੱਚ ਪਈ ਮਿਲੀ ਹੈ, ਜਿਸ ਦਾ ਸਰੀਰ ਅੱਗ ਨਾਲ ਸਾੜਿਆ ਗਿਆ ਸੀ। ਉਸ ਨੇ ਦੱਸਿਆ ਕਿ ਇਸ ਦੀ ਇਤਲਾਹ ਪੁਲਸ ਨੂੰ ਦੇ ਦਿੱਤੀ ਗਈ ਹੈ। ਘਟਨਾ ਸਥਾਨ 'ਤੇ ਪੁੱਜ ਕੇ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੰਦਾਂ ਦਾ ਮੁਫਤ ਚੈੱਕਅੱਪ ਕੈਂਪ ਲਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੈਨਸਿਸ ਡੈਂਟਲ ਕਾਲਜ ਤੇ ਹਸਪਤਾਲ ਫਿਰੋਜ਼ਪੁਰ ਦੀ ਟੀਮ ਵੱਲੋਂ ਦੰਦਾਂ ਦਾ ਮੁਫਤ ਚੈੱਕਅੱਪ ਕੈਂਪ ਲਾਇਆ ਗਿਆ।ਜਾਣਕਾਰੀ ਦਿੰਦਿਆਂ ਡਾ. ਗੌਰਵ ਗੋਇਲ ਨੇ ਦੱਸਿਆ ਕਿ ਇਹ ਕੈਂਪ ਫਿਰੋਜ਼ਪੁਰ ਦੇ ਪਿੰਡ ਕਰਮੂਵਾਲਾ ਵਿਖੇ ਲਗਾਇਆ ਗਿਆ, ਜਿਸ ਵਿੱਚ ਡਾ. ਰਮਨ ਤੇ ਡਾ. ਸੁਮੇਰ ਕੰਬੋਜ ਵੱਲੋਂ 100 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਾ: ਰਮਨ ਤੇ ਡਾ: ਸੁਮੇਰ ਕੰਬੋਜ ਨੇ ਮਰੀਜ਼ਾਂ ਨੂੰ ਦੱਸਿਆ ਕਿ ਪਾਚਣ ਤੇ ਸੁਆਦ ਨੂੰ ਸੁਧਾਰਨ ਲਈ ਦੰਦਾਂ ਦੀ ਸਫ਼ਾਈ ਕਰਨੀ ਜ਼ਰੂਰੀ ਹੈ ਤੇ ਦੰਦਾਂ ਨੂੰ ਸਿਹਤਮੰਦ ਰੱਖਣ ਲਈ ਹਰ ਵਿਅਕਤੀ ਨੂੰ ਰਾਤ ਨੂੰ ਵੀ ਬੁਰਸ਼ ਕਰਨਾ ਜ਼ਰੂਰੀ ਹੈ।ਉਨ੍ਹਾਂ ਦੰਦਾਂ ਦੀ ਸੁਰੱਖਿਆ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰੀਰ ਦੀ ਸਿਹਤ ਲਈ ਦੰਦ ਸਭ ਤੋਂ ਜ਼ਰੂਰੀ ਹਨ, ਕਿਉਂਕਿ ਦੰਦਾਂ ਨਾਲ ਚਬਾ ਕੇ ਖਾਣਾ ਪਚ ਜਾਂਦਾ ਹੈ, ਜਿਸ ਨਾਲ ਮਨੁੱਖੀ ਸਰੀਰ ਭੋਜਨ ਨੂੰ ਆਸਾਨੀ ਨਾਲ ਪਚਾਉਂਦਾ ਹੈ। ਉਨ੍ਹਾਂ ਕਿਹਾ ਕਿ ਦੰਦਾਂ ਦੀ ਸੁਰੱਖਿਆ ਲਈ ਜਿੱਥੇ ਸਵੇਰੇ ਬੁਰਸ਼ ਕਰਨਾ ਚਾਹੀਦਾ ਹੈ, ਉੱਥੇ ਰਾਤ ਨੂੰ ਸੌਣ ਤੋਂ ਪਹਿਲਾਂ ਬੁਰਸ਼ ਕਰਨਾ ਵੀ ਜ਼ਰੂਰੀ ਹੈ, ਤਾਂ ਜੋ ਮੂੰਹ ਨੂੰ ਸਾਫ਼ ਰੱਖਿਆ ਜਾ ਸਕੇ।

ਇਲਾਕੇ 'ਚ ਨਿੱਤ ਦਿਨ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਚਿੰਤਾ ਦਾ ਵਿਸ਼ਾ : ਸੋਨੂੰ

ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਓ ਬੀ ਸੀ ਵਿੰਗ ਦੇ ਸੂਬਾ ਵਾਈਸ ਚੇਅਰਮੈਨ ਅਤੇ ਜ਼ਿਲਾ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਹਰਪਾਲ ਸੋਨੂੰ ਨੇ ਅੱਜ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਗਰੂਰ ਸ਼ਹਿਰ ਅਤੇ ਆਲੇ ਦੁਆਲੇ ਦੇ ਇਲਾਕਿਆਂ 'ਚ ਨਿੱਤ ਦਿਨ ਵਾਹਨ ਚੋਰੀ, ਝਪਟਮਾਰੀ, ਮੋਬਾਇਲ ਚੋਰੀ ਦੀਆਂ ਵਾਰਦਾਤਾਂ ਸਾਹਮਣੇ ਆ ਰਹੀਆਂ ਹਨ, ਪ੍ਰੰਤੂ ਸਰਕਾਰ ਅਤੇ ਪ੍ਰਸ਼ਾਸਨ ਗਹਿਰੀ ਨੀਂਦ 'ਚ ਸੁੱਤੇ ਨਜ਼ਰ ਆ ਰਹੇ ਹਨ। ਉਨ੍ਹਾ ਕਿਹਾ ਕਿ ਸ਼ਹਿਰ 'ਚ ਜੋ ਸਰਕਾਰੀ ਕੈਮਰੇ ਵੱਖ ਵੱਖ ਚੌਕਾਂ ਵਿੱਚ ਲੱਗੇ ਹੋਏ ਹਨ, ਉਨ੍ਹਾਂ ਵਿੱਚੋਂ ਬਹੁਤਾਤ ਗਿਣਤੀ ਕੈਮਰੇ ਖਰਾਬ ਹੋ ਚੁੱਕੇ ਹਨ। ਹਰਪਾਲ ਸੋਨੂੰ ਨੇ ਆਮ ਲੋਕਾਂ ਦੀ ਚਿੰਤਾ ਜ਼ਾਹਰ ਕਰਦਿਆਂ ਸਰਕਾਰ ਨੂੰ ਨੀਂਦ ਵਿੱਚੋਂ ਬਾਹਰ ਆਉਣ ਦੀ ਸਲਾਹ ਦਿੰਦੇ ਹੋਏ ਕਿਹਾ ਕਿ ਆਮ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨ ਲਈ ਫੌਰੀ ਤੌਰ 'ਤੇ ਯੋਗ ਉਪਰਾਲੇ ਕਰਨ ਦੀ ਲੋੜ ਹੈ ਤਾਂ ਜੋ ਆਮ ਲੋਕਾਂ ਦੇ ਦਿਲਾਂ ਵਿੱਚ ਚੋਰਾਂ ਦੀ ਫੈਲੀ ਦਹਿਸ਼ਤ ਖਤਮ ਹੋ ਸਕੇ।

ਜੰਗਲਾਤ ਵਰਕਰਾਂ ਦਾ ਵਫ਼ਦ ਰੇਂਜ ਅਫ਼ਸਰ ਨੂੰ ਮਿਲਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੰਗਲਾਤ ਵਰਕਰਜ਼ ਯੂ

30-Aug-PAGE- 8 qxd.qxd 8/29/2023 9:48 PM Page 1

91ਵਾਂ ਮੁਫਤ ਮੈਡੀਕਲ ਤੇ ਖੂਨਦਾਨ ਕੈਂਪ ਭਲਕੇ : ਅਵਤਾਰ ਤਾਰੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਡੇਰਾ ਬਾਬਾ ਭਗਤ ਰਾਮ ਜੀ ਨੰਗਲ ਖੂੰਗਾ ਵਿਖੇ ਡੇਰੇ ਦੇ ਗੱਦੀ ਨਸੀਨ ਸੰਤ ਨਰੇਸ ਗਿਰੀ ਜੀ ਮਹਾਰਾਜ ਦੀ ਰਹਿਨੁਮਾਈ ਹੇਠ 31 ਅਗਸਤ ਨੂੰ ਡੇਰੇ ਵਿਖੇ ਰੱਖੜ ਪੁੰਨਿਆ ਦੇ ਮੇਲੇ ਤੇ ਸਜਾਏ ਜਾ ਰਹੇ ਵਿਸਾਲ ਪੰਡਾਲ ਅਤੇ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਵੱਲੋਂ ਲਗਾਏ ਜਾ ਰਹੇ 91ਵੇਂ ਮੁਫਤ ਮੈਡੀਕਲ ਤੇ ਖੂਨਦਾਨ ਕੈਂਪ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੋਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਸੰਤ ਨਰੇਸ ਗਿਰੀ ਜੀ ਮਹਾਰਾਜ ਵਿਸੇਸ ਤੌਰ ਤੇ ਸਾਮਿਲ ਹੋਏ।

ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਤ ਨਰੇਸ ਗਿਰੀ ਜੀ ਮਹਾਰਾਜ ਨੇ ਕਿਹਾ ਕਿ ਇਸ ਮੇਲੇ ਦੌਰਾਨ ਦੂਰ ਦੁਰਾਡੇ ਆਈਆਂ ਸੰਗਤਾਂ ਨੂੰ ਸੰਤ ਮਹਾਪੁਰਸ਼ ਆਪਣੇ ਪ੍ਰਵਚਨਾਂ ਰਾਹੀਂ ਗੁਰੂ ਚਰਨਾਂ ਨਾਲ ਜੁੜਣ ਦੀ ਪ੍ਰੇਰਨਾ ਦੇਣਗੇ। ਉਨ੍ਹਾਂ ਕਿਹਾ ਕਿ ਖੁੱਲ੍ਹੇ ਪੰਡਾਲ ਵਿਚ ਔਰਤਾਂ ਅਤੇ ਮਰਦਾਂ ਦੇ ਅਲੱਗ ਅਲੱਗ ਬੈਠਣ ਦੇ ਪੂਰੇ ਪ੍ਰਬੰਧ ਕਰ ਲਏ ਗਏ ਹਨ ਅਤੇ ਸੰਗਤ ਦੇ ਖਾਣ ਪੀਣ ਲਈ ਸਾਰਾ ਦਿਨ ਅਤੁੱਟ ਲੰਗਰ ਚੱਲਦਾ ਰਹੇਗਾ। ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਸੰਤ ਨਰੇਸ ਗਿਰੀ ਜੀ ਮਹਾਰਾਜ ਦੇ ਅਸੀਰਵਾਦ ਸਦਕਾ ਹੀ ਅਸੀਂ ਅਜਿਹੇ ਕੈਂਪ ਲਗਾ ਕੇ ਮਾਨਵਤਾ ਦੀ ਸੇਵਾ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਬਜੁਰਗ ਲਾਚਾਰ ਮਰੀਜਾਂ ਦੀ ਦੇਖ ਰੇਖ ਲਈ ਸੋਸਾਇਟੀ ਦੇ ਵਲੰਟੀਅਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰਾਂ ਦੀਆਂ ਮੁਸਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਸ ਕੈਂਪ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿਚ ਪਾਠਕ ਹਸਪਤਾਲ ਟਾਂਡਾ ਦੇ ਡਾਕਟਰ ਅਮਿਤ ਪਾਠਕ ਤੇ ਉਨ੍ਹਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਮਰੀਜਾਂ ਦਾ ਚੈੱਕਅਪ ਕਰਨਗੇ ਅਤੇ ਮਰੀਜਾਂ ਨੂੰ ਮੁਫਤ ਦਵਾਈਆਂ ਦੇਣਗੇ। ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਆਏ ਦਿਨ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਮਹਿੰਗੇ ਇਲਾਜ ਤੋਂ ਵੰਚਿਤ ਮਰੀਜਾਂ ਦਾ ਸਹੀ ਅਤੇ ਪੂਰਾ ਇਲਾਜ ਹੋ ਸਕੇ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਨੌਜਵਾਨਾਂ ਵੱਲੋਂ ਕੀਤਾ ਗਿਆ ਖੂਨਦਾਨ ਕਈ ਕੀਮਤੀ ਜ਼ਿੰਦਗੀਆਂ ਬਚਾਉਣ ਦੇ ਕੰਮ ਆ ਸਕੇਗਾ। ਇਸ ਮੌਕੇ ਤੇ ਵਾਈਸ ਪ੍ਰਧਾਨ ਸਰਬਜੀਤ ਸਿੰਘ, ਕੈਸੀਅਰ ਸੱਤਪਾਲ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ, ਸੂਬੇਦਾਰ ਉਂਕਾਰ ਸਿੰਘ, ਮਨਦੀਪ ਸਿੰਘ, ਮਨੀਸ ਕੁਮਾਰ, ਬਲਜੀਤ ਸਿੰਘ ਜੱਗਾ, ਡਾ. ਸੁਖਵਿੰਦਰ ਸਿੰਘ ਜੋਤੀ, ਡਾ. ਨਰੇਸ ਕੁਮਾਰ ਬਲਾਚੌਰ, ਪ੍ਰਦੀਪ ਸਿੰਘ, ਨਵਰਾਜਦੀਪ ਸਿੰਘ, ਚਰਨਦੀਪ ਸਿੰਘ, ਬਲਵਿੰਦਰ ਸਿੰਘ ਤੱਖੀ, ਗੁਰਨਾਮ ਸਿੰਘ, ਸਰਬਜੀਤ ਸਿੰਘ ਪੱਪੀ, ਅਜੇ, ਸੰਦੀਪ ਅਤੇ ਹੋਰ ਹਾਜਰ ਸਨ।

ਜੀ ਐੱਸ ਟੀ ਤਹਿਤ 12 ਫਰਨੇਸ ਦੀ ਜਾਂਚ, 60 ਵਾਹਨ ਜਬਤ : ਚੀਮਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਲੋਹਾ ਅਤੇ ਸਟੀਲ ਉਦਯੋਗ ਵਿੱਚ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਦੀ ਚੋਰੀ ਦਾ ਪਤਾ ਲਗਾਉਣ ਲਈ ਚੱਲ ਰਹੀ ਮੁਹਿਮ ਦੀ ਨਿਰੰਤਰਤਾ ਤਹਿਤ ਕਰ ਵਿਭਾਗ ਦੇ ਮੋਬਾਈਲ ਵਿੰਗਾਂ ਵੱਲੋਂ ਮੰਡੀ ਗੋਬਿੰਦਗੜ੍ਹ ਵਿਖੇ ਅਚਨਚੇਤ ਕਾਰਵਾਈ ਦੌਰਾਨ 12 ਭੱਠੀਆਂ (ਫਰਨੇਸ) ਦੀ ਜਾਂਚ ਕੀਤੀ ਗਈ ਅਤੇ 60 ਵਾਹਨ ਜਬਤ ਕੀਤੇ ਗਏ। ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਕਾਰਵਾਈ ਸਟੇਟ ਇਨਵੈਸਟੀਗੇਸ਼ਨ ਐਂਡ ਪ੍ਰੀਵੈਂਟਿਵ ਯੂਨਿਟ (ਸਿਪੂ), ਰੋਪੜ, ਪਟਿਆਲਾ, ਸੰਭੂ ਅਤੇ ਜਲੰਧਰ ਦੇ ਮੋਬਾਈਲ ਵਿੰਗਾਂ ਵੱਲੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਛਾਪੇਮਾਰੀ ਲੋਹੇ ਦੇ ਕਬਾੜ ਅਤੇ ਤਿਆਰ ਮਾਲ ਨੂੰ ਲਿਜਾਣ ਵਾਲੇ ਵਾਹਨਾਂ ਦੀ ਜਾਂਚ ਕਰਨ 'ਤੇ ਕੇਂਦ੍ਰਿਤ ਸੀ ਅਤੇ ਜਬਤ ਕੀਤੇ ਗਏ ਜ਼ਿਆਦਾਤਰ ਵਾਹਨਾਂ ਵਿੱਚ ਢੋਆ-ਢੁਆਈ ਕੀਤੇ ਜਾ ਰਹੇ ਸਮਾਨ ਦੇ ਅਨੁਸਾਰ ਲੋੜੀਂਦੇ ਈ-ਵੇਅ ਬਿੱਲਾਂ ਦੀ ਘਾਟ ਸੀ

।ਹੋਰ ਖੁਲਾਸਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਅੱਗੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਢੋਏ ਜਾ ਰਹੇ ਉਕਤ ਸਮਾਨ ਲਈ ਸਬੰਧਤ ਵਿਕਰੇਤਾ ਵੱਲੋਂ ਲੋੜੀਂਦੇ ਕਰ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੂਰੀ ਜਾਂਚ ਤੋਂ ਬਾਅਦ ਇਨ੍ਹਾਂ ਵਾਹਨਾਂ ਨੂੰ 2 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਲੱਗਣ ਦੀ ਸੰਭਾਵਨਾ ਹੈ।

31 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ

ਫਿਲੌਰ (ਨਿਰਮਲ) ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਪੁਲਸ ਟੀਮ ਦੇ ਸਹਾਇਕ ਸਬ ਇੰਸਪੈਕਟਰ ਚਰਨਜੀਤ ਸਿੰਘ ਥਾਣਾ ਫਿਲੌਰ ਵੱਲੋਂ ਸਪੈਸ਼ਲ ਆਪ੍ਰੇਸ਼ਨ ਦੌਰਾਨ ਪਰਮਜੀਤ ਕੌਰ ਉਰਫ ਪੰਮੋ ਪਤਨੀ ਅਵਤਾਰ ਸਿੰਘ ਉਰਫ ਤਾਰੀ ਵਾਸੀ ਪਿੰਡ ਸੇਲਕੀਆਣਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਪਾਸੋਂ 15 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 231 ਜੁਰਮ 21ਬੀ-ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ। ਇਸੇ ਤਰ੍ਹਾਂ ਸਹਾਇਕ ਸਬ ਇੰਸਪੈਕਟਰ ਸੁਖਦੇਵ ਸਿੰਘ ਥਾਣਾ ਫਿਲੌਰ ਵੱਲੋਂ ਪਿੰਡ ਸੇਲਕੀਆਣਾ ਵਿਖੇ ਸਪੈਸ਼ਲ ਆਪ੍ਰੇਸ਼ਨ ਦੌਰਾਨ ਜਸਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਸੇਲਕੀਆਣਾ ਥਾਣਾ ਫਿਲੌਰ ਪਾਸੋਂ 16 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 232 ਜੁਰਮ 21ਬੀ-ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ ਹੈ। ਮੁੱਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਦੋਵੇਂ ਕਾਫੀ ਸਮੇਂ ਤੋਂ ਲੁਕ ਛਿਪ ਕੇ ਨਸ਼ੇ ਵੇਚਣ ਦਾ ਧੰਦਾ ਕਰ ਰਹੇ ਹਨ ਤੇ ਇਹਨਾਂ ਦੇ ਖਿਲਾਫ ਪਹਿਲਾਂ ਵੀ ਵੱਖ ਵੱਖ ਥਾਣਿਆਂ ਵਿੱਚ ਨਸ਼ਾ ਤਸਕਰੀ ਦੇ ਕੇਸ ਦਰਜ ਹਨ।

ਹੰਬੜਾਂ ਵਿਖੇ ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ

ਅੱਡਾ ਸਰਾਂ (ਕਾਜਲ) - ਪਿੰਡ ਹੰਬੜਾਂ ਕਲੋਏ ਵਿਖੇ ਸਥਿਤ ਹਜਰਤ ਬਾਬਾ ਵਜੀਰ ਸ਼ਾਹ ਦੀ ਦਰਗਾਹ 'ਤੇ 43ਵਾਂ ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਮੁੱਖ ਮੇਲਾ ਪ੍ਰਬੰਧਕ ਕਰਤਾਰ ਹੰਬੜਾਂ ਅਤੇ ਦਲਜੀਤ ਸਿੰਘ ਕਲੋਏ ਦੀ ਅਗਵਾਈ ਵਿਚ ਕਰਵਾਏ ਗਏ ਇਸ ਸੱਭਿਆਚਾਰਕ ਮੇਲੇ ਦੌਰਾਨ ਜਸਵੰਤ ਸਿੰਘ ਚੌਟਾਲਾ ਪ੍ਰਧਾਨ ਜੱਟ ਮਹਾਂ ਸਭਾ ਦੋਆਬਾ ਜੋਨ ਅਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸ਼ਵ ਸੈਣੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੱਭਿਆਚਾਰਕ ਮੇਲੇ ਦੌਰਾਨ ਦੋਗਾਣਾ ਜੋੜੀ ਹੈਪੀ ਸਿੱਧੂ , ਮਹਿੰਦੀ ਬਰਾੜ ਤੇ ਕਲਾਕਾਰ ਐਸ ਪੰਜਾਬੀ ਸੱਭਿਆਚਾਰ ਪ੍ਰੋਗਰਾਮ ਪੇਸ਼ ਕਰਕੇ ਆਪਣੀ ਹਾਜਰੀ ਲਗਵਾਈ। ਪ੍ਰਬੰਧਕ ਸੈਕਟਰੀ ਮਹਿੰਦਰਪਾਲ, ਲਖਵਿੰਦਰ ਕਲੋਏ, ਸਰਪੰਚ ਬਲਵੀਰ ਸਿੰਘ, ਕਮਲ , ਪਵਨ ਕੁਮਾਰ ਨੇ ਮੁੱਖ ਮਹਿਮਾਨ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ ਭੇਂਟ ਕੀਤੇ ਗਏ। ਇਸ ਮੌਕੇ ਸਤਨਾਮ ਸਿੰਘ ਢਿੱਲੋਂ, ਐਡਵੋਕੇਟ ਗੁਰਵੀਰ ਸਿੰਘ ਚੌਟਾਲਾ, ਅਤਵਾਰ ਸਿੰਘ ਪਲਾਹ ਚੱਕ, ਜੋਗਾ ਸਿੰਘ ਸਰੋਆ, ਚੌਧਰੀ ਹਰਦੇਵ ਸਿੰਘ ਧੂਤ ,ਸਰਪੰਚ ਮੁੰਦਰੀ ਰਾਮ, ਏ.ਐਸ.ਆਈ ਰਾਜੇਸ਼ ਕੁਮਾਰ, ਸੈਮੀ ਧਾਲੀਵਾਲ, ਮੋਖਾ ਬੁੱਢੀ ਪਿੰਡ ,ਸੁਖਬੀਰ ਸਿੰਘ ,ਸਰਪੰਚ ਬਲਵਿੰਦਰ ਤੱਗੜ, ਇੱਕਬਾਲ ਸਿੰਘ ਕੈਨੇਡੀਅਨ, ਅਵਤਾਰ ਸਿੰਘ ਤਾਰੀ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

ਡੀ ਐੱਸ ਪੀ ਨਰਿੰਦਰ ਸਿੰਘ ਔਜਲਾ ਦਾ ਕੀਤਾ ਸਵਾਗਤ

ਕਾਲਾ ਸੰਘਿਆਂ (ਮਨਜੀਤ ਮਾਨ) ਅੱਜ ਉੱਘੇ ਸਮਾਜ ਸੇਵਕ ਤੇ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਦੇ ਸੀਨੀਅਰ ਆਗੂ ਦਲਵੀਰ ਸਿੰਘ ਸੱਭਰਵਾਲ ਮਲਸੀਆਂ, ਮੰਗਤ ਸਿੰਘ ਰੰਧਾਵਾ ਡੱਲਾ ਤੇ ਬੱਬੀ ਮਲਸੀਆਂ ਸਾਬਕਾ ਸਰਪੰਚ ਵੱਲੋਂ ਸਾਹਕੋਟ ਦੇ ਡੀ ਐਸ ਪੀ ਸ੍ਰ ਨਰਿੰਦਰ ਸਿੰਘ ਔਜਲਾ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ ਇਸ ਮੌਕੇ ਦਲਵੀਰ ਸਿੰਘ ਸੱਭਰਵਾਲ ਤੇ ਸੰਗਤ ਸਿੰਘ ਰੰਧਾਵਾ ਪਿੰਡ ਡੱਲਾ ਨੇ ਕਿਹਾ ਕਿ ਡੀ ਐਸ ਪੀ ਸ੍ਰ ਨਰਿੰਦਰ ਸਿੰਘ ਔਜਲਾ ਇੱਕ ਬਹੁਤ ਹੀ ਇਮਾਨਦਾਰ ਤੇ ਸੂਝਵਾਨ ਅਫਸਰ ਨੇ ਜੋ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜਰ ਰਹਿਦੇ ਨੇ ਉਕਤ ਆਗੂਆਂ ਨੇ ਕਿਹਾ ਕਿ ਇਹੋ ਜਿਹੇ ਸੂਝਵਾਨ ਤੇ ਇਮਾਨਦਾਰ ਅਫਸਰ ਬਹੁਤ ਘੱਟ ਹੁੰਦੇ ਨੇ ਉਕਤ ਆਗੂਆਂ ਨੇ ਹੋਰ ਕਿਹਾ ਕਿ ਜੋ ਵੀ ਦੁੱਖੀ ਉਨ੍ਹਾਂ ਕੋਲ ਆਪਣੀ ਫਰਿਆਦ ਲੈਕੇ ਜਾਂਦੇ ਨੇ ਉਹ ਉਨ੍ਹਾਂ ਨੂੰ ਇਨਸਾਫ ਜਰੂਰ ਦਿਵਾਉਂਦੇ ਹਨ।

ਹੁਸ਼ਿਆਰਪੁਰ-ਦਿੱਲੀ ਐਕਸਪ੍ਰੈੱਸ ਦੇ ਵਿਸਥਾਰ ਮੌਕੇ ਚੁਣੇ ਨੁਮਾਇੰਦੇ ਨੂੰ ਸੱਦਾ ਨਾ ਦੇਣਾ ਨਿੰਦਣਯੋਗ : ਜਿੰਪਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਹੁਸ਼ਿਆਰਪੁਰ ਦੇ ਵਿਧਾਇਕ ਅਤੇ ਪੰਜਾਬ ਸਰਕਾਰ ਵਿਚ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ-ਦਿੱਲੀ ਐਕਸਪ੍ਰੈੱਸ ਰੇਲ ਗੱਡੀ ਦੇ ਆਗਰਾ ਤੱਕ ਵਿਸਥਾਰ ਮੌਕੇ ਬੀਤੇ ਦਿਨੀਂ ਕਰਵਾਏ ਸਮਾਗਮ ਵਿਚ ਉਨ੍ਹਾਂ ਨੂੰ ਨਾ ਬੁਲਾਏ ਜਾਣ 'ਤੇ ਇਸ ਨੂੰ ਹੁਸ਼ਿਆਰਪੁਰ ਦੇ ਲੋਕਾਂ ਨਾਲ ਧੋਖਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਉਹ ਹੁਸ਼ਿਆਰਪੁਰ ਤੋਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਅਤੇ ਪੰਜਾਬ ਸਰਕਾਰ ਵਿਚ ਕੈਬਨਿਟ ਮੰਤਰੀ ਵੱਜੋਂ ਸੇਵਾਵਾਂ ਨਿਭਾ ਰਹੇ ਹਨ। ਇਸ ਦੇ ਬਾਵਜੂਦ ਰੇਲਵੇ ਮੰਤਰਾਲੇ ਦੇ ਕਿਸੇ ਉੱਚ ਅਧਿਕਾਰੀ ਜਾਂ ਸਥਾਨਕ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਮਾਗਮ ਵਿਚ ਸ਼ਿਰਕਤ ਕਰਨ ਦਾ ਕੋਈ ਸੱਦਾ ਨਹੀਂ ਭੇਜਿਆ। 24 ਘੰਟੇ ਲੋਕਾਂ ਵਿਚ ਰਹਿਣ ਵਾਲੇ ਅਤੇ ਲੋਕ ਭਲਾਈ ਕੰਮਾਂ ਨੂੰ ਪਹਿਲ ਦੇਣ ਵਾਲੇ ਜਿੰਪਾ ਨੇ ਇਸ ਗੱਲ 'ਤੇ ਰੋਸ ਪ੍ਰਗਟ ਕੀਤਾ ਹੈ ਕਿ ਇਕ ਚੁਣੇ ਹੋਏ ਲੋਕ ਨੁਮਾਇੰਦੇ ਵੱਜੋਂ ਉਨ੍ਹਾਂ ਨੂੰ ਸਮਾਗਮ ਵਿਚ ਸੱਦਾ ਨਾ ਦੇ ਕੇ ਪ੍ਰੋਟੋਕੋਲ ਦਾ ਵੀ ਉਲੰਘਣ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਗੱਡੀ ਦੇ ਮਥੁਰਾ-ਆਗਰਾ ਤੱਕ ਵਿਸਥਾਰ ਦਾ ਉਹ ਸਵਾਗਤ ਕਰਦੇ ਹਨ ਕਿਉਂਕਿ ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਕਰਕੇ ਹੀ ਇਹ ਸੰਭਵ ਹੋਇਆ ਹੈ। ਹੁਣ ਹੁਸ਼ਿਆਰਪੁਰ ਅਤੇ ਆਸ-ਪਾਸ ਦੇ ਇਲਾਕਿਆਂ ਦੇ ਸ਼ਰਧਾਲੂ ਵਰਿੰਦਾਵਨ ਆਸਾਨੀ ਨਾਲ ਜਾ ਸਕਦੇ ਹਨ। ਜਿੰਪਾ ਨੇ ਕਿਹਾ ਕਿ ਇਸ ਗੱਡੀ ਨੂੰ ਮਥੁਰਾ (ਵਰਿੰਦਾਵਨ) ਤੱਕ ਚਲਾਏ ਜਾਣ ਦੀ ਉਹ ਪਿਛਲੇ ਲੰਬੇ ਸਮੇਂ ਤੋਂ ਕੋਸ਼ਿਸ਼ ਕਰਦੇ ਆ ਰਹੇ ਹਨ ਅਤੇ ਇਸ ਬਾਰੇ ਕੇਂਦਰੀ ਰੇਲ ਮੰਤਰੀ ਨੂੰ 21 ਅਕਤੂਬਰ 2022 ਨੂੰ ਪੱਤਰ ਵੀ ਲਿਖ ਚੁੱਕੇ ਹਨ। ਜਿਸ ਦੇ ਜਵਾਬ ਵਿਚ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ 30 ਨਵੰਬਰ 2022 ਨੂੰ ਪੱਤਰ ਲਿਖ ਕੇ ਦੱਸਿਆ ਸੀ ਕਿ ਇਸ ਮੰਗ 'ਤੇ ਉਨ੍ਹਾਂ ਰੇਲਵੇ ਦੇ ਸਬੰਧਤ ਡਾਇਰੈਕਟੋਰੇਟ ਤੋਂ ਪੂਰੀ ਰਿਪੋਰਟ ਮੰਗ ਲਈ ਹੈ ਅਤੇ ਇਸ ਬਾਬਤ ਸੰਭਾਵਨਾਵਾਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨਵੰਬਰ-ਦਸੰਬਰ 2022 ਵਿਚ ਵੀ ਕੇਂਦਰੀ ਰੇਲਵੇ ਮੰਤਰੀ ਨਾਲ ਪੱਤਰ ਵਿਹਾਰ ਹੁੰਦਾ ਰਿਹਾ ਹੈ। ਜਿੰਪਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੀਆਂ ਕੋਸ਼ਿਸ਼ਾਂ ਸਦਕਾ ਹੀ ਇਸ ਰੇਲ ਦਾ ਆਗਰਾ ਤੱਕ ਵਿਸਥਾਰ ਸੰਭਵ ਹੋ ਸਕਿਆ ਜਿਸ ਕਰਕੇ ਉਹ ਕੇਂਦਰੀ ਰੇਲ ਮੰਤਰੀ ਦਾ ਧੰਨਵਾਦ ਵੀ ਕਰਦੇ ਹਨ। ਪਰ ਸਥਾਨਕ ਭਾਜਪਾ ਆਗੂਆਂ ਨੇ ਇਸ ਸਮਾਗਮ ਨੂੰ ਸਿਆਸੀ ਰੰਗਤ ਦੇ ਕੇ ਗਲਤ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਜੇਕਰ ਇਸ ਸਮਾਗਮ ਵਿਚ ਸਾਰੀਆਂ ਸਿਆਸੀ ਅਤੇ ਸਮਾਜਿਕ ਸੰਸਥਾਵਾਂ ਨੂੰ ਸੱਦਾ ਦਿੱਤਾ ਜਾਂਦਾ।

12 'ਮਾਡਲ ਫੇਅਰ ਪ੍ਰਾਈਸ' ਦੁਕਾਨਾਂ ਖੋਲ੍ਹੀਆਂ ਜਾਣਗੀਆਂ : ਡੀ ਸੀ

ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)—ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਾਰਕਫੈੱਡ ਰਾਹੀਂ ਵੱਖ-ਵੱਖ ਜ਼ਿਲ੍ਹਿਆਂ ਵਿੱਚ 'ਮਾਡਲ ਫੇਅਰ ਪ੍ਰਾਈਸ' ਦੁਕਾਨਾਂ ਸਥਾਪਤ ਕਰਨ ਦੀਆਂ ਹਦਾਇਤਾਂ ਦੇ ਮੱਦੇਨਜਰ ਜ਼ਿਲ੍ਹਾ ਐਸ.ਏ.ਐਸ.ਨਗਰ ਵਿੱਚ ਆਉਣ ਵਾਲੇ ਦਿਨਾਂ ਵਿੱਚ ਘੱਟੋ-ਘੱਟ 12 'ਮਾਡਲ ਫੇਅਰ ਪ੍ਰਾਈਸ ਦੁਕਾਨਾਂ' ਸਥਾਪਤ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਪਿੰਡਾਂ ਵਿੱਚ ਰਾਸ਼ਨ ਡਿਪੂ ਨਹੀਂ ਹਨ, ਉੱਥੇ ਮਾਡਲ ਫੇਅਰ ਪ੍ਰਾਈਸ ਦੁਕਾਨਾਂ ਖੋਲ੍ਹੀਆਂ ਜਾਣੀਆਂ ਹਨ। ਜ਼ਿਲ੍ਹਾ ਐਸ.ਏ.ਐਸ.ਨਗਰ ਵਿੱਚ 200 ਅਜਿਹੇ ਪਿੰਡ ਹਨ ਜਿੱਥੇ ਅਜਿਹੀਆਂ 'ਮਾਡਲ ਫੇਅਰ ਪ੍ਰਾਈਸ'

30-Aug-PAGE-9 qxd.qxd 8/29/2023 9:45 PM Page 1

ਵਿਜ਼ਿਟਿੰਗ ਫੈਕਲਟੀ ਰੱਖਣ ਦੀ ਨੀਤੀ ਸਿਰਫ ਡੰਗ ਟਪਾਊ ਫਾਰਮੂਲਾ : ਗੌਰਮਿੰਟ ਟੀਚਰਜ਼

ਫਿਲੌਰ , (ਨਿਰਮਲ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਸੂਬੇ ਦੇ ਕੁਝ ਸਕੂਲਾਂ 'ਚ ਵਿਜ਼ਿਟਿੰਗ ਸਟਾਫ ਰੱਖਣ ਦੀ ਨੀਤੀ ਦੀ ਸਖਤ ਅਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਸਿਰਫ ਪੱਕੀ ਭਰਤੀ ਤੋਂ ਬਚਣ ਲਈ ਡੰਗ ਟਪਾਊ ਫਾਰਮੂਲਾ ਹੈ ਅਤੇ ਨੌਕਰੀ ਦੀ ਆਸ ਵਿੱਚ ਬੈਠੇ ਯੋਗਤਾ ਪ੍ਰਾਪਤ ਹਜ਼ਾਰਾਂ ਨੌਜਵਾਨਾਂ ਨਾਲ ਧੱਕਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਕਰਨੈਲ ਫਿਲੌਰ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਧਿਆਪਕਾਂ ਦੀਆਂ ਪੌਂਡਿੰਗ ਭਰਤੀਆਂ ਨੂੰ ਮੁਕੰਮਲ ਕਰਨ ਲਈ ਸੰਜੀਦਾ ਨਹੀਂ ਹੈ ਸਗੋਂ ਰਿਟਾਇਰਡ ਅਧਿਆਪਕਾਂ ਦੇ ਸਹਾਰੇ ਸਿਰਫ ਡੰਗ ਟਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਇਸ ਨੀਤੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਜਸਵਿੰਦਰ ਸਿੰਘ ਸਮਾਣਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਸਵਿੰਦਰ ਸਿੰਘ ਸਮਾਣਾ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ

ਸੀਨੀਅਰ ਨਾਗਰਿਕਾਂ ਨੂੰ ਕਾਨੂੰਨੀ ਹੱਕਾਂ ਬਾਰੇ ਕੀਤਾ ਜਾਗਰੂਕ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸੀਨੀਅਰ ਸਿਟੀਜ਼ਨਜ਼ ਦੀ ਭਲਾਈ ਅਤੇ ਉਨ੍ਹਾਂ ਨੂੰ ਹਰੇਕ ਸਹੂਲਤ ਮੁਹੱਈਆ ਕਰਵਾਉਣ ਸੰਬੰਧੀ ਸਾਲ 2023-24 ਦੀ ਜ਼ਿਲ੍ਹਾ ਪੱਧਰੀ ਕਮੇਟੀ ਦੀ ਤਿਮਾਹੀ ਮੀਟਿੰਗ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਹੋਈ। ਮੀਟਿੰਗ ਵਿੱਚ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ, ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ, ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਮਨਪ੍ਰੀਤ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਇਸ ਦੌਰਾਨ ਸੀ.ਜੇ.ਐਮ ਅਪਰਾਜਿਤਾ ਜੋਸ਼ੀ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੀਨੀਅਰ ਸਿਟੀਜ਼ਨਾਂ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਅਤੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਉਨ੍ਹਾਂ ਨੇ 'ਮੇਨਟੇਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨਜ਼ ਐਕਟ-2007' ਅਤੇ ਨਾਲਸਾ ਸਕੀਮ 2016 'ਤੇ ਚਾਨਣਾ ਪਾਇਆ। ਇਸ ਤੋਂ ਇਲਾਵਾ ਉਨ੍ਹਾਂ 9 ਸਤੰਬਰ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਜਾਣੂ ਕਰਵਾਉਂਦਿਆਂ ਦੱਸਿਆ ਕਿ ਇਸ ਵਿਚ ਲੰਬਿਤ ਅਤੇ ਪ੍ਰੀ-ਲਿਟੀਗੇਟਿਵ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ। ਇਸ ਦੌਰਾਨ ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਦਾਰਿਆਂ ਵਿਚ ਸੀਨੀਅਰ ਸਿਟੀਜ਼ਨਾਂ ਦੇ ਕੰਮ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁਆਵਜ਼ੇ ਨੂੰ ਲੈ ਕੇ 6 ਨੂੰ ਜਲੰਧਰ 'ਚ ਧਰਨਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਭਰ 'ਚ ਕਿਸਾਨਾਂ ਦੇ ਹੱਕਾਂ 'ਚ ਵੱਖ ਵੱਖ ਥਾਂ 'ਤੇ ਧਰਨੇ ਲਗਾਏ ਜਾ ਰਹੇ ਹਨ ਜਿਨ੍ਹਾਂ ਵਿਚ ਮੁੱਖ ਮੰਗ ਕਿਸਾਨਾਂ ਦੀ ਹੜ੍ਹਾਂ ਕਾਰਨ ਖਰਾਬ ਹੋਈ ਫਸਲ ਦੇ ਮੁਆਵਜ਼ੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਪੂਰਥਲੇ ਅਤੇ ਜਲੰਧਰ ਇਲਾਕੇ ਦੇ ਕਿਸਾਨਾਂ ਲਈ ਹਾਅ ਦਾ ਨਾਅਰਾ ਮਾਰਨ ਲਈ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਸੀਨੀਅਰ ਲੀਡਰਸ਼ਿਪ 6 ਸਤੰਬਰ ਨੂੰ ਜਲੰਧਰ 'ਚ ਧਰਨਾ ਦੇਣਗੇ।

ਜਾਣਕਾਰੀ ਦਿੰਦਿਆਂ ਗੁਰਪ੍ਰਤਾਪ ਸਿੰਘ ਵਡਾਲਾ ਕੋਰ ਕਮੇਟੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਜਲੰਧਰ ਦੇ ਪ੍ਰਧਾਨ ਨੇ ਦੱਸਿਆ ਕਿ ਸਰਕਾਰ ਕਿਸਾਨਾਂ ਨੂੰ ਖਰਾਬ ਫਸਲਾਂ ਦੇ ਮੁਆਵਜ਼ੇ ਦੇਣ 'ਚ ਅਸਫਲ ਰਹੀ ਹੈ। ਅੱਜ ਕਿਸਾਨ ਹੜ੍ਹਾਂ ਦੀ ਮਾਰ ਝੱਲ ਰਿਹ ਹੈ। ਕਿਸਾਨ ਆਪ ਹੀ ਟੁੱਟੇ ਬੰਨ੍ਹਾਂ ਨੂੰ ਆਪ ਬੰਨ੍ਹਣ ਲਈ ਸੰਘਰਸ਼ ਕਰ ਰਹੇ ਹਨ। ਥਾਂ ਥਾਂ 'ਤੇ ਸੰਗਤ ਆਪ ਮੁਹਾਰੇ ਹੋ ਕੇ ਸੇਵਾ ਕਰ ਰਹੀ ਹੈ ਪਰ ਭਗਵੰਤ ਮਾਨ ਕਿਸਾਨਾਂ ਦੀ ਸਾਰ ਲੈਣ ਦੇ ਬਜਾਏ ਕੇਜਰੀਵਾਲ ਦੇ ਨਾਲ ਪੰਜਾਬ ਦੇ ਖਜ਼ਾਨੇ ਵਿਚੋਂ ਕਾਂਗਰਸ ਪਾਰਟੀ ਦੇ ਨਾਲ ਆਪਣਾ ਅਤੇ ਦਿੱਲੀ ਵਾਲਿਆਂ ਦੇ ਪ੍ਰਚਾਰ ਦੇ ਵਿਚ ਰੁੱਝੇ ਹੋਏ ਹਨ। ਕਿਸਾਨਾਂ ਦੇ ਹੱਕਾਂ ਦੇ ਲਈ ਸ਼੍ਰੋਮਣੀ ਅਕਾਲੀ ਸਦਾ ਹੀ ਅਵਾਜ਼ ਚੁੱਕਦਾ ਆਇਆ ਅਤੇ ਚੁੱਕਦਾ ਰਹੇਗਾ। ਇਹ ਮੀਟਿੰਗ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ 'ਚ ਹੋਈ ਜਿਸ ਵਿਚ ਬਲਦੇਵ ਖਹਿਰਾ, ਕੁਲਵੰਤ ਸਿੰਘ ਮੰਨਣ, ਗੁਰਚਰਨ ਸਿੰਘ ਚੰਨੀ, ਸਵਰਨ ਸਿੰਘ ਸੁਲਤਾਨਪੁਰ ਲੋਧੀ, ਬਚਿਤ੍ਰ ਸਿੰਘ ਕੋਹਾੜ, ਅਵਤਾਰ ਸਿੰਘ ਕਲੇਰ, ਅਮਰਬੀਰ ਸਿੰਘ ਢੀਂਡਸਾ ਲਾਲੀ, ਪਰਮਜੀਤ ਸਿੰਘ ਰੇਰੂ, ਅਮਰਜੀਤ ਸਿੰਘ ਕਿਸ਼ਨਪੁਰਾ , ਰਣਜੀਤ ਸਿੰਘ ਕਾਹਲੋਂ, ਸੁਰਜੀਤ ਸਿੰਘ ਨੀਲਾਮਹਿਲ, ਜਰਨੈਲ ਸਿੰਘ ਡੋਗਰਾਂਵਾਲ, ਬਰਿੰਦਰ ਸਿੰਘ ਢਪਈ, ਹਰਕ੍ਰਿਸ਼ਨ ਸਿੰਘ ਵਾਲੀਆ, ਲਸ਼ਕਰ ਸਿੰਘ, ਇਕਬਾਲ ਢੀਂਡਸਾ, ਤਨਵੀਰ ਸਿੰਘ ਫਿਆਲੀ, ਅੰਮ੍ਰਿਤਬੀਰ ਸਿੰਘ, ਸਰਤੇਜ ਸਿੰਘ ਬਾਸੀ, ਹਰਬੰਸ ਸਿੰਘ ਮੰਡ, ਜਗਰੂਪ ਸਿੰਘ, ਸੁਰਜੀਤ ਸਿੰਘ ਢਿੱਲੋਂ, ਰਣਜੀਤ ਸਿੰਘ ਰਾਣਾ , ਕੁਲਦੀਪ ਸਿੰਘ ਬੁੱਲੇ, ਗੁਰਜੰਟ ਸਿੰਘ ਆਲੀ ,ਵਰੁਣ, ਗੁਰਦਿਆਲ ਸਿੰਘ ਨਿੱਝਰ, ਹਰਭਜਨ ਸਿੰਘ ਹੁੰਦਲ, ਪਰਮਿੰਦਰ ਸਿੰਘ ਦਸ਼ਮੇਸ਼ ਨਗਰ ਸ਼ਾਮਲ ਸਨ।

ਨੇਤਰਦਾਨ ਜਾਗਰੂਕਤਾ ਪੰਦਰਵਾੜੇ 'ਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ : ਚੇਅਰਮੈਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਜੋ ਕਿ ਪਿਛਲੇ 23 ਸਾਲਾਂ ਤੋਂ ਸਮਾਜ ਵਿੱਚੋਂ ਪੁਤਲੀ ਦੀ ਖਰਾਬੀ ਕਾਰਨ ਹੋ ਰਹੀ ਨੇਤਰਹੀਣਤਾ ਨੂੰ ਦੂਰ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ, ਵੱਲੋਂ 25 ਅਗਸਤ ਤੋਂ 8 ਸਤੰਬਰ ਤੱਕ 38ਵਾਂ ਨੇਤਰਦਾਨ ਜਾਗਰੂਕਤਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਪੰਦਰਵਾੜੇ ਦੇ ਸੰਬੰਧ ਵਿੱਚ ਸੰਸਥਾ ਦੀ ਟੀਮ ਵੱਲੋਂ ਕਰਮਜੀਤ ਕੌਰ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਦੇ ਦਫਤਰ 'ਚ ਵਿਸ਼ਨੂੰ ਤਿਵਾੜੀ ਚੇਅਰਮੈਨ ਬਲਾਕ ਸੰਮਤੀ, ਠਾਕੁਰ ਨਰਵੀਰ ਸਰਪੰਚ, ਅਜੈ ਮੋਹਨ ਬੱਬੀ ਚੌਧਰੀ, ਮੋਹਨ ਲਾਲ ਪਹਿਲਵਾਨ, ਨਰੇਸ਼ ਬੈਂਸ ਅਤੇ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸੰਸਥਾ ਦੇ ਸਰਪ੍ਰਸਤ ਪ੍ਰੋ: ਬਹਾਦਰ ਸਿੰਘ ਸੁਨੇਤ ਵੱਲੋਂ ਮੀਟਿੰਗ ਵਿੱਚ ਜਾਣਕਾਰੀ ਦਿੱਤੀ ਕਿ ਸੰਸਥਾ ਵੱਲੋਂ ਹੁਣ ਤੱਕ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਪਾਸੋਂ ਨੇਤਰਦਾਨ ਸੰਬੰਧੀ ਪ੍ਰਾਣ ਪੱਤਰ ਭਰਵਾਏ ਗਏ ਹਨ ਅਤੇ ਹਜ਼ਾਰ ਤੋਂ ਵੱਧ ਨੇਤਰਹੀਣ ਲੋਕਾਂ ਦੀ ਪੁਤਲੀ ਬਦਲਵਾ ਕੇ ਰੌਸ਼ਨੀ ਪ੍ਰਦਾਨ ਕੀਤੀ ਜਾ ਚੁੱਕੀ ਹੈ। ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਮਨਾਏ ਜਾ ਰਹੇ ਪੰਦਰਵਾੜੇ ਦਾ ਸਮਾਪਤੀ ਸਮਾਰੋਹ ਬ੍ਰਹਮ ਸੰਕਰ ਜਿੰਪਾ, ਮਾਲ ਅਤੇ ਜਲ ਸਰੋਤ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ 9 ਸਤੰਬਰ ਨੂੰ ਮਾਡਲ ਟਾਊਨ ਕਲੱਬ ਹੁਸ਼ਿਆਰਪੁਰ ਵਿਖੇ ਹੋਵੇਗਾ। ਕਰਮਜੀਤ ਕੌਰ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਹੁਸ਼ਿਆਰਪੁਰ ਵੱਲੋਂ ਹੁਸ਼ਿਆਰਪੁਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਲੋਕ/ ਸਮਾਜ ਸੇਵੀ ਜਥੇਬੰਦੀਆਂ / ਵਿਦਿਆਰਥੀ / ਧਾਰਮਕ ਆਗੂ ਉਲੀਕੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਸਮਾਜ ਵਿੱਚੋਂ ਨੇਤਰਹੀਣਤਾ ਦੂਰ ਕਰਨ ਲਈ ਆਪਣਾ ਯੋਗਦਾਨ ਪਾਉਣ। ਮੀਟਿੰਗ ਵਿੱਚ ਪੂਰਨ ਸਿੰਘ ਫੌਜੀ ਵੱਲੋਂ ਨੇਤਰਦਾਨ ਪ੍ਰਣ ਪੱਤਰ ਭਰਿਆ ਗਿਆ ਅਤੇ ਚੇਅਰਮੈਨ ਵੱਲੋਂ ਉਨ੍ਹਾਂ ਨੂੰ ਸਰਟੀਫਿਕੇਟ ਦਿੱਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸੁਰੇਸ਼ ਕਪਾਟੀਆ, ਪ੍ਰੋ: ਬਹਾਦਰ ਸਿੰਘ ਸੁਨੇਤ, ਡਾ: ਗੁਰਬਖਸ਼ ਸਿੰਘ, ਇੰਜੀਨੀਅਰ ਬਲਜੀਤ ਸਿੰਘ, ਗੁਰਪ੍ਰੀਤ ਸਿੰਘ, ਸੰਤੋਸ਼ ਸੈਣੀ ਅਤੇ ਪ੍ਰਿੰਸੀਪਲ ਰਚਨਾ ਕੌਰ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਖੇਡ ਤੇ ਰਬੜ ਇੰਡਸਟਰੀ ਦੀਆਂ ਮੁਸ਼ਕਲਾਂ ਸੁਣੀਆਂ

ਜਲੰਧਰ, (ਸ਼ੈਲੀ ਐਲਬਰਟ)- ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਮੰਗਲਵਾਰ ਨੂੰ ਜ਼ਿਲ੍ਹੇ ਦੀ ਸਪੋਰਟਸ ਅਤੇ ਰਬੜ ਇੰਡਸਟਰੀ ਦੀਆਂ ਮੰਗਾਂ ਅਤੇ ਮੁਸ਼ਕਲਾਂ ਸੁਣਦਿਆਂ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਪੋਰਟਸ ਅਤੇ ਰਬੜ ਇੰਡਸਟਰੀ ਨਾਲ ਸੰਬੰਧਤ ਉਦਯੋਗਪਤੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਦਯੋਗਪਤੀਆਂ ਦੀਆਂ ਮੁਸ਼ਕਲਾਂ ਦੇ ਹੱਲ ਅਤੇ ਕਾਰੋਬਾਰ ਕਰਨ ਲਈ ਉਨ੍ਹਾਂ ਨੂੰ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸੇ ਵਚਨਬੱਧਤਾ ਤਹਿਤ ਸੂਬਾ ਸਰਕਾਰ ਵੱਲੋਂ 'ਸਰਕਾਰ-ਸਨਅਤਕਾਰ ਮਿਲਣੀ' ਕਰਵਾਈ ਜਾ ਰਹੀ ਹੈ, ਜਿਸ ਵਿੱਚ ਸਨਅਤਕਾਰਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕੀਤਾ ਜਾਵੇਗਾ। ਮੀਟਿੰਗ ਦੌਰਾਨ ਖੇਡ ਅਤੇ ਰਬੜ ਇੰਡਸਟਰੀ ਵੱਲੋਂ ਪੀ.ਪੀ.ਡੀ.ਸੀ. ਐਮ.ਐਸ.ਐਮ.ਈ. ਐਕਸਟੈਂਸ਼ਨ ਸੈਂਟਰ, ਕਾਮਨ ਫੈਸੀਲਟੀ ਸੈਂਟਰ, ਬੀ.ਆਈ.ਐਸ. ਸਰਟੀਫਿਕੇਸ਼ਨ ਲਈ ਟੈਸਟਿੰਗ ਲੈਬੋਰੇਟਰੀ ਆਦਿ ਮੰਗਾਂ ਬਾਰੇ ਜਾਣੂ ਕਰਵਾਇਆ। ਡਿਪਟੀ ਕਮਿਸ਼ਨਰ ਨੇ ਉਦਯੋਗਪਤੀਆਂ ਨੂੰ ਜ਼ਿਲ੍ਹਾ ਪੱਧਰ ਨਾਲ ਸੰਬੰਧਤ ਮਸਲਿਆਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਸੰਬੰਧਤ ਮਸਲਿਆਂ ਦਾ ਯੋਗ ਹੱਲ ਕੱਢਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਮੌਕੇ 'ਤੇ ਇਸ ਸੰਬੰਧੀ ਸੰਬੰਧਤ ਵਿਭਾਗ ਨੂੰ ਪੱਤਰ ਲਿਖਣ ਲਈ ਵੀ ਕਿਹਾ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਡਾਇਰੈਕਟਰ ਸੈਂਟਰਲ ਇੰਸਟੀਚਿਊਟ ਆਫ ਹੈਂਡ ਟੂਲਜ਼ ਨੂੰ ਐਮ.ਐਸ.ਐਮ.ਈ. ਐਕਸਟੈਂਸ਼ਨ ਸੈਂਟਰ ਸੰਬੰਧੀ ਲੁਧਿਆਣਾ ਸੈਂਟਰਲ ਟੂਲ ਰੂਮ ਨਾਲ ਮੀਟਿੰਗ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਸਹਾਇਕ ਕਮਿਸਨਰ (ਯੂ.ਟੀ.) ਮੇਜਰ ਡਾ. ਇਰਵਿਨ ਕੌਰ, ਜੀ.ਐਮ.,ਡੀ.ਆਈ.ਸੀ. ਦੀਪ ਸਿੰਘ ਗਿੱਲ, ਫੰਕਸ਼ਨਲ ਮੈਨੇਜਰ ਡੀ.ਆਈ.ਸੀ. ਮਨਜੀਤ ਲਾਲੀ, ਜਨਰਲ ਸਕੱਤਰ ਸਪੋਰਟਸ ਗੁਡਜ਼ ਮੈਨੂਫੈਕਚਰਿੰਗ ਮੁਕੁਲ ਵਰਮਾ ਅਤੇ ਹੋਰ ਉਦਯੋਗਪਤੀ ਵੀ ਮੌਜੂਦ ਸਨ।

ਫਰੀਡਮ ਫਾਈਟਰ ਪਰਵਾਰ ਨੂੰ ਮਿਲਦੀ ਸਹੂਲਤ ਨਿਰਵਿਘਨ ਰਹੇ ਜਾਰੀ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਮਝੈਲ ਪਰਵਾਰ ਵਜੋਂ ਜਾਣੇ ਫਰੀਡਮ ਫਾਈਟਰ ਪਰਵਾਰ ਸਵਰਗੀ ਡਾਕਟਰ ਗੁਰਬਖਸ਼ ਸਿੰਘ ਮਝੈਲ ਦੀ ਸਪੁੱਤਰੀ ਬੀਬੀ ਪ੍ਰਿਤਪਾਲ ਕੌਰ ਚਾਹੜਕੇ ਜ਼ਿਲ੍ਹਾ ਜਲੰਧਰ ਅਤੇ ਉਨ੍ਹਾਂ ਦੇ ਸਪੁੱਤਰ ਮਨਦੀਪ ਸਿੰਘ ਮੰਨਾ ਨੇ ਵਟਸਐਪ ਗਰੁੱਪ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਵਾਰ ਦੇ ਵਹੀਕਲਾਂ ਨੂੰ ਟੋਲ ਪਲਾਜ਼ਾ ਦੇ ਟੋਲ ਟੈਕਸ ਤੋਂ ਮੁਕਤ ਕੀਤਾ ਗਿਆ ਹੈ। ਪ੍ਰੰਤੂ ਫਿਰ ਵੀ ਟੋਲ ਪਲਾਜ਼ਾ 'ਤੇ ਕੰਮ ਕਰ ਰਹੇ ਕੁਝ ਅਨਾੜੀ ਕਿਸਮ ਦੇ ਲੋਕ ਧੱਕੇ ਨਾਲ ਟੋਲ ਟੈਕਸ ਦੀ ਪਰਚੀ ਕੱਟਣ ਲਈ ਰੋਕ ਲੈਂਦੇ ਹਨ, ਜੋ ਪੰਜਾਬ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਹੈ। ਸ਼ਹਿਰ ਬੰਗਾ ਨੇੜਲੇ ਬਹਿਰਾਮ ਟੋਲ ਪਲਾਜ਼ਾ ਦੀ ਉਦਾਹਰਨ ਦਿੰਦੇ ਹੋਏ ਮੰਨਾ ਨੇ ਕਿਹਾ ਕਿ ਫਰੀਡਮ ਫਾਈਟਰ ਦਾ ਪਰਵਾਰ ਹੋਣ ਦਾ ਸਬੂਤ ਪੇਸ਼ ਕਰਨ ਦੇ ਬਾਵਜੂਦ ਟੋਲ ਪਲਾਜ਼ਾ ਕਰਮਚਾਰੀ ਪਰੇਸ਼ਾਨ ਕਰਦੇ ਹਨ

30-AUG-PAGE-10.qxd 8/29/2023 9:39 PM Page 1

ਜੁਮਲੇਬਾਜ਼ ਸਰਕਾਰਾਂ ਖਿਲਾਫ ਮਜ਼ਦੂਰ ਸੰਘਰਸ਼ ਕਰਾਂਗੇ ਤਿੱਖਾ : ਰੂੜੇਕੇ, ਛਾਜਲੀ

ਮਾਨਸਾ (ਆਤਮਾ ਸਿੰਘ ਪਮਾਰ)-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਮਜ਼ਦੂਰਾਂ ਦੇ ਹੱਕੀ ਸੰਘਰਸ਼ ਨੂੰ ਤੇਜ਼ ਕਰਨ ਦੇ ਅਹਿਦ ਨਾਲ ਸਥਾਨਕ ਰੇਲਵੇ ਗੁਦਾਮ 'ਤੇ ਵਿਸ਼ਾਲ ਮਜ਼ਦੂਰ ਲਲਕਾਰ ਰੈਲੀ ਕੀਤੀ ਗਈ। ਰੈਲੀ ਤੋਂ ਬਾਅਦ ਡਿਪਟੀ ਕਮਿਸ਼ਨਰ ਦਫਤਰ ਮਾਨਸਾ ਤੱਕ ਜ਼ੋਰਦਾਰ ਮੁਜ਼ਾਹਰਾ ਕੀਤਾ ਗਿਆ। ਮਜ਼ਦੂਰ ਲਲਕਾਰ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਸੂਬਾ ਸਕੱਤਰ ਗੁਰਪ੍ਰੀਤ ਸਿੰਘ ਰੂੜੇਕੇ ਤੇ ਸੂਬਾ ਮੀਤ ਪ੍ਰਧਾਨ ਵਿਜੈ ਕੁਮਾਰ ਭੀਖੀ ਨੇ ਕਿਹਾ ਕਿ ਕੇਂਦਰ ਦੀ ਜੁਮਲੇਬਾਜ਼ ਮੋਦੀ ਸਰਕਾਰ ਵਾਂਗ, ਪੰਜਾਬ ਦੀ ਆਮ ਆਦਮੀ ਪਾਰਟੀ ਵੱਲੋਂ ਕੇਜਰੀਵਾਲ ਤੇ ਭਗਵੰਤ ਮਾਨ ਨੇ ਚੋਣਾਂ ਦੌਰਾਨ ਹਰ ਔਰਤ ਦੇ ਖਾਤੇ 'ਚ ਹਰ ਮਹੀਨੇ 1000-1000 ਰੁਪੈ ਪਾਉਣ ਦੀ ਜੋ ਗਾਰੰਟੀ ਕੀਤੀ ਸੀ, ਉਹ ਵੀ ਮੋਦੀ ਦੇ ਪੰਦਰਾਂ ਲੱਖ ਦੇਣ ਵਾਂਗ ਇਕ ਚੋਣ ਜੁਮਲਾ ਬਣ ਕੇ ਹੀ ਰਹਿ ਗਈ ਹੈ। ਇੱਥੇ ਹੀ ਬਸ ਨਹੀਂ ਪੰਜਾਬ ਦੀ ਸੱਤਾ 'ਤੇ ਕਾਬਿਜ਼ ਹੋਣ ਤੋਂ ਬਾਅਦ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਕੋਈ ਸੁਰੱਖਿਆ ਨਾ ਲੈਣ ਤੇ ਹੜ੍ਹ ਪੀੜਤਾਂ ਨੂੰ ਬੱਕਰੀ ਮੁਰਗੀ ਤੱਕ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਵਰਗੇ ਜੋ ਦਮਗਜ਼ੇ ਮਾਰੇ ਸਨ, ਉਹ ਵੀ ਪੀੜਤਾਂ ਨਾਲ ਮਜ਼ਾਕ ਹੀ ਸਾਬਿਤ ਹੋਏ ਹਨ। ਜਦਕਿ ਹਕੀਕਤ ਇਹ ਹੈ ਕਿ ਹੜ੍ਹਾਂ ਮਾਰੇ ਬੇਜ਼ਮੀਨੇ ਮਜ਼ਦੂਰਾਂ ਕੋਲ ਫਿਲਹਾਲ ਸਿਰ 'ਤੇ ਛੱਤ ਤੱਕ ਨਹੀਂ ਰਹੀ ਤੇ ਉਹ ਤਰਪਾਲਾਂ ਪਾ ਕੇ ਦਿਨ ਕਟੀ ਕਰਨ ਲਈ ਮਜਬੂਰ ਹਨ। ਬੁਲਾਰਿਆਂ ਨੇ ਮੰਗ ਕੀਤੀ ਕਿ ਜਿੱਥੇ ਹੜ੍ਹਾਂ ਤੋਂ ਪੀੜਤ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਤੁਰੰਤ ਮਿਲਣਾ ਚਾਹੀਦਾ ਹੈ, ਉਸੇ ਤਰਜ਼ 'ਤੇ ਅਸੀਂ ਮਜ਼ਦੂਰਾਂ ਨੂੰ ਢਹਿ ਗਏ ਘਰ ਲਈ ਪੰਜ ਲੱਖ ਰੁਪਏ, ਨੁਕਸਾਨੇ ਘਰਾਂ ਦੀ ਮੁਰੰਮਤ ਲਈ ਤਿੰਨ ਲੱਖ ਰੁਪਏ, ਹੜ੍ਹਾਂ ਦੀ ਭੇਟ ਚੜ੍ਹੇ ਹਰ ਦੁਧਾਰੂ ਪਸ਼ੂ ਲਈ ਇੱਕ ਲੱਖ ਰੁਪਏ ਮੁਆਵਜ਼ਾ ਤੁਰੰਤ ਦਿੱਤੇ ਜਾਣ ਦੀ ਮੰਗ ਕਰਦੇ ਹਾਂ। ਰੁਜ਼ਗਾਰ ਵਿਹੂਣੇ ਹੋ ਚੁੱਕੇ ਮਜ਼ਦੂਰ ਪਰਿਵਾਰਾਂ ਲਈ 20 ਹਜ਼ਾਰ ਰੁਪਏ ਗੁਜ਼ਾਰਾ ਭੱਤਾ ਦਿੱਤੇ ਜਾਣ ਦੀ ਵੀ ਗਾਰੰਟੀ ਕੀਤੀ ਜਾਵੇ। ਇਸ ਤੋਂ ਇਲਾਵਾ ਮਨਰੇਗਾ ਕਾਨੂੰਨ ਤਹਿਤ 200 ਦਿਨ ਕੰਮ, 700 ਰੁਪੈ ਦਿਹਾੜੀ ਤੇ ਕੰਮ ਦਿਹਾੜੀ ਕਾਨੂੰਨੀ ਤੌਰ 'ਤੇ ਛੇ ਘੰਟੇ ਕੀਤੇ ਜਾਣ, ਮਜ਼ਦੂਰ ਔਰਤਾਂ ਸਿਰ ਚੜ੍ਹੇ ਮਾਇਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ਿਆਂ 'ਤੇ ਲਕੀਰ ਮਾਰੇ ਜਾਣ ਅਤੇ ਆਰ ਐੱਸ ਜੀ ਫਾਊਂਡੇਸ਼ਨ ਦੀ ਠੱਗੀ ਦਾ ਸ਼ਿਕਾਰ ਹੋਈਆਂ ਸੈਂਕੜੇ ਲੜਕੀਆਂ ਨੂੰ ਇਨਸਾਫ ਦੇਣ ਤੇ ਕੰਪਨੀ ਦੇ ਮਾਲਕ ਦੀ ਗ੍ਰਿਫਤਾਰੀ ਦੀ ਮੰਗ ਵੀ ਜ਼ੋਰ ਸ਼ੋਰ ਨਾਲ ਉਭਾਰੀ ਗਈ।

ਇਸ ਮੌਕੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਪੰਜਾਬ ਦੇ ਕੇਂਦਰੀ ਇੰਚਾਰਜ ਕਾਮਰੇਡ ਪ੍ਰਸ਼ੋਤਮ ਸ਼ਰਮਾ ਤੇ ਪਾਰਟੀ ਕੇਂਦਰੀ ਕਮੇਟੀ ਮੈਂਬਰ ਤੇ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਕਨਵੀਨਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਬੇਸ਼ੱਕ ਪੰਜਾਬ ਦੀ ਮਾਨ ਸਰਕਾਰ, ਸੂਬੇ ਦੇ ਹਿੱਤਾਂ ਦੀ ਰਾਖੀ ਕਰਨ, ਨਸ਼ਿਆਂ ਦੇ ਕਾਲਾ ਕਾਰੋਬਾਰ ਰੋਕਣ, ਹੜ੍ਹਾਂ ਦੀ ਰੋਕਥਾਮ 'ਚ ਫੇਲ੍ਹ ਸਾਬਿਤ ਹੋਈ ਹੈ, ਪਰ ਇਸ ਦੇ ਖਿਲਾਫ ਪੰਜਾਬ ਦੀ ਜਨਤਾ ਹੌਲੀ ਹੌਲੀ ਇੱਕ ਵੱਡਾ ਸੰਘਰਸ਼ ਕਰਨ ਵੱਲ ਵਧ ਰਹੀ ਹੈ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਵਿਜੇ ਕੁਮਾਰ ਭੀਖੀ ਨੇ ਆਖਿਆ ਕਿ ਅਸੀਂ ਰਾਜਪਾਲ ਜਾਂ ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਨੂੰ ਬਰਖਾਸਤ ਕਰਕੇ ਇਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਕਿਸੇ ਵੀ ਸਾਜ਼ਿਸ਼ ਦਾ ਡੱਟਵਾਂ ਵਿਰੋਧ ਕਰਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੁਮਾਇੰਦਗੀ ਕਰਨ ਦੀ ਬਜਾਏ ਰਾਜਪਾਲ ਸ੍ਰੀ ਪ੍ਰੋਹਿਤ ਬੀਜੇਪੀ ਦੇ ਏਜੰਟ ਵਾਂਗ ਸੂਬਾ ਸਰਕਾਰ ਨੂੰ ਧਮਕੀਆਂ ਦੇ ਰਿਹਾ ਹੈ।

ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਗਤੀਸ਼ੀਲ ਇਸਤਰੀ ਸਭਾ ਦੇ ਕੌਮੀ ਕੌਂਸਲਰ ਜਸਬੀਰ ਕੌਰ ਨੱਤ ਨੇ ਕਿਹਾ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਦਾ ਨਾਅਰਾ ਦੇਣ ਵਾਲੀ ਮੋਦੀ ਸਰਕਾਰ ਦੇ ਕਾਰਜਕਾਲ 'ਚ ਬੇਟੀਆਂ 'ਤੇ ਸਭ ਤੋਂ ਵੱਧ ਜਬਰ ਕੇਂਦਰ ਸਰਕਾਰ ਦੀ ਸਰਪ੍ਰਸਤੀ 'ਚ ਹੀ ਹੋ ਰਿਹਾ ਹੈ। ਯੂ ਪੀ ਤੋਂ ਲੈ ਕੇ ਮਨੀਪੁਰ ਤੱਕ ਇਸ ਦੀਆਂ ਸੈਂਕੜੇ ਉਦਾਹਰਣਾਂ ਹਨ। ਇਸ ਤੋਂ ਇਲਾਵਾ ਰੈਲੀ ਨੂੰ ਬਿੰਦਰ ਕੌਰ ਉੱਡਤ, ਭਗਤ ਰਾਮ, ਬਲਵਿੰਦਰ ਘਰਾਂਗਣਾ, ਦਰਸ਼ਨ ਦਾਨੇਵਾਲੀਆ, ਗੁਰਸੇਵਕ ਮਾਨ, ਭੋਲਾ ਸਿੰਘ ਗੁਰੱਦੀ, ਕ੍ਰਿਸ਼ਨਾ ਕੌਰ ਮਾਨਸਾ, ਕਾਮਰੇਡ ਛੱਜੂ ਸਿੰਘ ਦਿਆਲਪੁਰ, ਗਗਨ ਖੜਕ ਸਿੰਘ ਵਾਲਾ, ਕਾਮਰੇਡ ਜੀਤ ਸਿੰਘ ਬੋਹਾ, ਧਰਮ ਪਾਲ ਨੀਟਾ, ਸਵਰਨ ਸਿੰਘ ਜੰਗੀਆਣਾ, ਹਰਮੇਸ਼ ਸਿੰਘ ਭੰਮੇ, ਸਰਿੰਦਰਪਾਲ ਕੌਰ ਕਣਕਵਾਲ, ਕਾਮਰੇਡ ਜੀਤ ਸਿੰਘ ਬੋਹਾ, ਰਘਬੀਰ ਸਿੰਘ ਭੀਖੀ, ਕੁਲਵੰਤ ਸਿੰਘ ਛਾਜਲੀ, ਯਾਦਵਿੰਦਰ ਸਿੰਘ ਭੀਖੀ, ਸੰਦੀਪ ਕੌਰ ਸਮਾਓਂ, ਬਿੱਕਰ ਸਿੰਘ ਮੋਹਰਸਿੰਘ ਵਾਲਾ ਨੇ ਵੀ ਸੰਬੋਧਨ ਕੀਤਾ।

ਮੁਜ਼ਾਹਰਾਕਾਰੀ ਪੁਲਸ ਵੱਲੋਂ ਰੋਕਣ ਦੇ ਬਾਵਜੂਦ ਡਿਪਟੀ ਕਮਿਸ਼ਨਰ ਦਫਤਰ ਦੇ ਐਨ ਗੇਟ ਤੱਕ ਪਹੁੰਚ ਗਏ। ਉਥੇ ਹਜ਼ਾਰਾਂ ਔਰਤਾਂ ਵੱਲੋਂ ਮੁੱਖ ਮੰਤਰੀ ਦੇ ਨਾਂ ਲਿਖੀਆਂ ਅਰਜ਼ੀਆਂ ਇਕੱਠੀਆਂ ਕਰਕੇ ਭਗਵੰਤ ਮਾਨ ਤੱਕ ਪਹੁੰਚਾਉਣ ਹਿੱਤ ਡੀ ਸੀ ਮਾਨਸਾ ਨੂੰ ਸੌਂਪੀਆਂ ਗਈਆਂ। ਇਨ੍ਹਾਂ ਚਿੱਠੀਆਂ ਤੇ ਮਜ਼ਦੂਰ ਮੋਰਚੇ ਵੱਲੋਂ ਦਿੱਤਾ ਮੰਗ ਪੱਤਰ ਸਹਾਇਕ ਕਮਿਸ਼ਨਰ (ਜਨ.) ਮਾਨਸਾ ਨੇ ਮੰਚ 'ਤੇ ਪਹੁੰਚ ਕੇ ਪ੍ਰਾਪਤ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਮਗਰੀ ਨੂੰ ਛੇਤੀ ਤੋਂ ਛੇਤੀ ਮੁੱਖ ਮੰਤਰੀ ਤੱਕ ਪਹੁੰਚਾਉਣ ਦਾ ਭਰੋਸਾ ਵੀ ਦਿੱਤਾ।

ਕੇਂਦਰ ਸਰਕਾਰ ਐੱਚ ਈ ਸੀ ਕਰਮਚਾਰੀਆਂ ਦੇ ਬਕਾਏ ਤੁਰੰਤ ਜਾਰੀ ਕਰੇ : ਕੇਂਦਰੀ ਟਰੇਡ ਯੂਨੀਅਨਾਂ

ਲੁਧਿਆਣਾ (ਐੱਮ. ਐੱਸ. ਭਾਟੀਆ)

ਨਵੀਂ ਦਿੱਲੀ ਤੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕੇਂਦਰੀ ਟਰੇਡ ਯੂਨੀਅਨਾਂ ਤੇ ਸੁਤੰਤਰ ਖੇਤਰੀ ਫੈਡਰੇਸ਼ਨਾਂ/ਐਸੋਸੀਏਸ਼ਨਾਂ ਦਾ ਫੋਰਮ ਇੰਜੀਨੀਅਰਾਂ, ਵਿਗਿਆਨੀਆਂ, ਸੰਚਾਰ ਮਾਹਰਾਂ ਆਦਿ ਦੀ ਟੀਮ ਨੂੰ ਸਲਾਮ ਕਰਦਾ ਹੈ, ਜਿਨ੍ਹਾਂ ਨੇ ਚੰਦਰਯਾਨ-3 ਨੂੰ ਸੰਭਵ ਬਣਾਇਆ। ਉਨ੍ਹਾਂ ਦੇ ਨਿੱਡਰ ਕੰਮ ਨੇ ਭਾਰਤ ਲਈ ਕਈ ਖੇਤਰਾਂ ਵਿੱਚ ਅੱਗੇ ਵਧਣ ਦੀਆਂ ਅਣਗਿਣਤ ਸੰਭਾਵਨਾਵਾਂ ਖੋਲ੍ਹ ਦਿੱਤੀਆਂ ਹਨ। ਜਿਵੇਂ ਜਿਵੇਂ ਚੰਦਰਯਾਨ-3 ਦੀ ਕਹਾਣੀ ਸਾਹਮਣੇ ਆ ਰਹੀ ਹੈ, ਉਨ੍ਹਾਂ ਲੋਕਾਂ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਕਹਾਣੀਆਂ ਵੀ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਨੇ ਇਸ ਪ੍ਰੋਜੈਕਟ ਲਈ ਨਿਰਸਵਾਰਥ ਕੰਮ ਕੀਤਾ ਹੈ। ਹੈਵੀ ਇੰਜਨੀਅਰਿੰਗ ਕਾਰਪੋਰੇਸ਼ਨ (ਐੱਚਈਸੀ) ਰਾਂਚੀ (ਝਾਰਖੰਡ) ਇੱਕ ਜਨਤਕ ਖੇਤਰ ਦਾ ਅਦਾਰਾ, ਹਜ਼ਾਰਾਂ ਇੰਜਨੀਅਰ ਤੇ ਕਾਮੇ ਜਿਨ੍ਹਾਂ ਨੇ ਡਿਜ਼ਾਈਨ ਕੀਤਾ ਤੇ ਮੋਬਾਈਲ ਲਾਂਚ ਪੈਡ ਅਤੇ ਹੋਰ ਨਾਜ਼ੁਕ ਉਪਕਰਨ ਬਣਾਏ, ਜਿਨ੍ਹਾਂ ਨੇ ਚੰਦਰਯਾਨ-3 ਨੂੰ ਸੰਭਵ ਬਣਾਇਆ, ਨੂੰ ਪਿਛਲੇ 17 ਮਹੀਨਿਆਂ ਤੋਂ ਭੁਗਤਾਨ ਨਹੀਂ ਕੀਤਾ ਗਿਆ ਹੈ। ਇਸਰੋ ਦੇ ਵਿਗਿਆਨੀਆਂ ਤੇ ਇੰਜੀਨੀਅਰਾਂ ਨੇ ਬਿਨਾਂ ਕਿਸੇ ਤਰੱਕੀ ਦੇ ਕੀਤਾ ਕੰਮ।

ਸੰਚਾਰ ਜੋ ਚੰਦਰਯਾਨ-3 ਪ੍ਰੋਜੈਕਟ ਲਈ ਮਹੱਤਵਪੂਰਨ ਸਨ, ਵਿਸ਼ੇਸ਼ ਤੌਰ 'ਤੇ ਬੀ.ਐੱਸ.ਐੱਨ.ਐੱਲ. ਦੁਆਰਾ ਨਿਯੰਤਰਤ ਕੀਤਾ ਗਿਆ ਸੀ। ਇੱਕ ਹੋਰ ਜਨਤਕ ਖੇਤਰ ਜਿਸ ਨੂੰ ਕੇਂਦਰ ਸਰਕਾਰ ਦੁਆਰਾ ਜਾਣਬੁੱਝ ਕੇ ਹਾਸ਼ੀਏ 'ਤੇ ਧੱਕਿਆ ਗਿਆ ਸੀ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪੂਰਾ ਪ੍ਰੋਜੈਕਟ ਜਨਤਕ ਖੇਤਰ ਦੇ ਅਦਾਰਿਆਂ ਦੁਆਰਾ ਚਲਾਇਆ ਕੀਤਾ ਗਿਆ ਸੀ। ਵਾਸਤਵ ਵਿੱਚ ਜਨਤਕ ਖੇਤਰ ਦੇ ਅਦਾਰੇ ਭਾਰਤ ਵਿੱਚ ਸਥਾਪਤ ਕੀਤੇ ਗਏ ਸਨ, ਕਿਉਂਕਿ ਉਨ੍ਹਾਂ ਦੇ ਉਤਪਾਦਾਂ (ਮਸ਼ੀਨਰੀ) ਵਿੱਚ ਲੰਬੇ ਸਮੇਂ ਤੱਕ ਨਿਰਮਾਣ ਦੀ ਮਿਆਦ ਸੀ, ਜਿਸ ਵਿੱਚ ਨਿੱਜੀ ਖੇਤਰ ਨਿਵੇਸ਼ ਕਰਨ ਲਈ ਤਿਆਰ ਨਹੀਂ ਸੀ, ਕਿਉਂਕਿ ਉਹ ਤੇਜ਼ ਤੇ ਯਕੀਨੀ ਮੁਨਾਫਾ ਚਾਹੁੰਦੇ ਸਨ। ਐੱਚ.ਈ.ਸੀ. ਕਰਮਚਾਰੀਆਂ ਦੀ ਕਹਾਣੀ ਸਾਨੂੰ ਆਸ਼ਾ ਤੇ ਆਂਗਣਵਾੜੀ ਵਰਕਰਾਂ ਦੀ ਗਾਥਾ ਦੀ ਯਾਦ ਦਿਵਾਉਂਦੀ ਹੈ, ਜਿਨ੍ਹਾਂ ਨੇ ਕੋਵਿਡ ਮਹਾਂਮਾਰੀ ਦੌਰਾਨ ਨਿਰਸਵਾਰਥ ਕੰਮ ਕੀਤਾ, ਸਿਰਫ ਸ਼ਬਦਾਂ ਵਿੱਚ ਨਿਵਾਜਿਆ ਗਿਆ, ਪਰ ਉਨ੍ਹਾਂ ਦੇ ਮਾਸਿਕ ਮਾਣ ਭੱਤੇ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ।

ਕੀ ਪ੍ਰਧਾਨ ਮੰਤਰੀ ਇਹ ਮੰਨਣ ਵਿੱਚ ਸੱਚੇ ਹੋਣਗੇ ਕਿ ਇਹ ਜਨਤਕ ਖੇਤਰ ਹੈ, ਜੋ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹੈ। ਸਿਹਤਮੰਦ ਬੱਚਿਆਂ ਦੇ ਪਾਲਣ ਪੋਸ਼ਣ ਤੋਂ ਲੈ ਕੇ ਬਾਹਰੀ ਪੁਲਾੜ ਦੀ ਖੋਜ ਤੱਕ ਇਹ ਉਹ ਜਨਤਕ ਖੇਤਰ ਦੇ ਅਦਾਰੇ ਹਨ, ਜਿੱਥੋਂ ਹਜ਼ਾਰਾਂ ਕਰੋੜ ਰੁਪਏ ਵੱਡੇ ਬੁੱਤ ਲਗਾਉਣ ਲਈ ਲੁੱਟੇ ਗਏ ਹਨ, ਜਦਕਿ ਜਨਤਕ ਖੇਤਰ ਦੇ ਅਦਾਰਿਆਂ ਦੇ ਕਰਮਚਾਰੀ ਭੁੱਖੇ ਮਰ ਰਹੇ ਹਨ। ਸਰਕਾਰ ਦੀਆਂ ਸਾਰੀਆਂ ਤਰਜੀਹਾਂ ਗਲਤ ਹਨ।

ਅਸੀਂ ਮੰਗ ਕਰਦੇ ਹਾਂ ਕਿ ਕੇਂਦਰ ਸਰਕਾਰ ਐੱਚ.ਈ.ਸੀ ਕਰਮਚਾਰੀਆਂ ਦੇ ਬਕਾਏ ਤੁਰੰਤ ਜਾਰੀ ਕਰੇ ਤੇ ਇਸਰੋ ਦੀਆਂ ਹੋਰ ਇਕਾਈਆਂ ਦੇ ਇੰਜੀਨੀਅਰਾਂ ਅਤੇ ਵਿਗਿਆਨਕ ਕਾਡਰਾਂ ਦੀਆਂ ਤਰੱਕੀਆਂ ਨੂੰ ਤੁਰੰਤ ਜਾਰੀ ਕਰੇ, ਜਿਨ੍ਹਾਂ ਨੇ ਇਸਰੋ ਦੇ ਇਸ ਪ੍ਰੋਜੈਕਟ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਕਿਉਂਕਿ ਭਾਰਤ ਉਨ੍ਹਾਂ ਦੇ ਯੋਗਦਾਨ ਦਾ ਜਸ਼ਨ ਮਨਾਉਂਦਾ ਹੈ।

ਕਾਤਰਾਂ

ਪਿਆਰ, ਸਹਿਯੋਗ ਤੇ ਸਨਮਾਨ ਬੇਗਾਨੇ ਨੂੰ ਵੀ ਆਪਣਾ ਬਣਾਉਂਦੇ : ਬੀ ਕੇ ਸ਼ਾਂਤਨੂੰ

ਜੈਤੋ (ਸਤੀਸ਼ ਕੁਮਾਰ ਭੀਗੀ)-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਵਿਖੇ ਰਾਸ਼ਟਰੀ ਮੀਡੀਆ ਕਾਨਫਰੰਸ 'ਚ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਹਿੱਸਾ ਲੈਣ ਵਾਲੇ ਮੀਡੀਆ ਕਾਰਕੁਨਾਂ ਦੇ ਸਵਾਗਤ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਰੁੱਝੇ ਆਪਣੇ ਸਹਿਯੋਗੀਆਂ ਨੂੰ ਸੰਬੋਧਨ ਕਰਦਿਆਂ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਕਿਹਾ ਕਿ ਜਦੋਂ ਸਾਨੂੰ ਗਰਮੀ ਲਗਦੀ ਹੈ ਤਾਂ ਅਸੀਂ ਪੱਖੇ ਕੋਲੋਂ ਹਵਾ ਨਹੀਂ ਮੰਗਦੇ ਬਲਕਿ ਉਸ ਦੇ ਸਾਹਮਣੇ ਬੈਠ ਜਾਂਦੇ ਹਾਂ ਤੇ ਸਾਨੂੰ ਹਵਾ ਆਪਣੇ ਆਪ ਹੀ ਮਿਲ ਜਾਂਦੀ ਹੈ, ਸਰਦੀ ਹੋਣ 'ਤੇ ਅਸੀਂ ਰਜਾਈ ਲੈ ਲੈਂਦੇ ਹਾਂ ਤਾਂ ਸਰਦੀ ਆਪਣੇ ਆਪ ਭੱਜ ਜਾਂਦੀ ਹੈ । ਇਸ ਤਰ੍ਹਾਂ ਹੀ ਪ੍ਰਮਾਤਮਾ ਤੋਂ ਅਸੀਂ ਕੁਝ ਵੀ ਨਹੀਂ ਮੰਗਦੇ, ਸਿਰਫ ਉਨ੍ਹਾਂ ਦੇ ਸਾਹਮਣੇ ਖੜ੍ਹੇ ਹੋਣ ਨਾਲ ਹੀ ਪਰਮਾਤਮਾ ਦਾ ਸਾਰਾ ਪਿਆਰ , ਸਾਰੀਆਂ ਸ਼ਕਤੀਆਂ ਸਾਨੂੰ ਆਪਣੇ ਆਪ ਹੀ ਮਿਲ ਜਾਂਦੀਆਂ ਹਨ। ਸਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਹੀ ਕੋਈ ਖੂਨ ਦੇ ਰਿਸ਼ਤੇ ਨਾਲ ਹੀ ਆਪਣਾ ਨਹੀਂ ਹੁੰਦਾ ਬਲਕਿ ਪਿਆਰ, ਸਹਿਯੋਗ, ਵਿਸ਼ਵਾਸ, ਵਫਾਦਾਰੀ, ਹਮਦਰਦੀ ਅਤੇ ਸਨਮਾਨ ਏਹੋ ਜਿਹੀ ਸੋਚ ਹੈ ਜੋ ਬੇਗਾਨੇ ਨੂੰ ਵੀ ਆਪਣਾ ਬਣਾਉਂਦੇ ਹਨ।

ਬਲਵਿੰਦਰ ਸਿੰਘ ਢਿੱਲੋਂ ਨੂੰ ਸਦਮਾ, ਪਤਨੀ ਦਾ ਦਿਹਾਂਤ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸੀਨੀਅਰ ਅਕਾਲੀ ਆਗੂ ਤੇ ਪਿੰਡ ਭਮਾਂ ਕਲਾਂ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਢਿੱਲੋਂ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੀ ਧਰਮਪਤਨੀ ਨਰਿੰਦਰ ਕੌਰ ਢਿੱਲੋਂ (62) ਕੁਝ ਦਿਨ ਬੀਮਾਰ ਰਹਿਣ ਤੋਂ ਬਾਅਦ 27 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ। ਨਰਿੰਦਰ ਕੌਰ ਢਿੱਲੋਂ ਦਾ ਅੰਤਿਮ ਸੰਸਕਾਰ 30 ਅਗਸਤ ਨੂੰ ਸਵੇਰੇ 11 ਵਜੇ ਪਿੰਡ ਭਮਾਂ ਕਲਾਂ ਵਿਖੇ ਹੋਵੇਗਾ। ਨਰਿੰਦਰ ਕੌਰ ਢਿੱਲੋਂ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 3 ਸਤੰਬਰ ਨੂੰ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਗੁਰਦੁਆਰਾ ਸਾਹਿਬ ਪਿੰਡ ਭਮਾਂ ਕਲਾਂ ਵਿਖੇ ਹੋਵੇਗੀ।

ਪੋਸਕੋ ਐਕਟ ਬਾਰੇ ਦਿੱਤੀ ਜਾਣਕਾਰੀ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਸਿਪਾਹੀ ਦਰਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਸ਼ੁਰੂ ਹੋਈ ਸਕੂਲ ਪੁਲਸ ਕੈਡਿਟਸ ਸਕੀਮ ਤਹਿਤ ਡੀ.ਈ.ਓ. ਸੰਜੀਵ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਡਾ. ਓਮ ਪ੍ਰਕਾਸ਼ ਸੇਤੀਆ ਤੇ ਯਾਦਵਿੰਦਰ ਸਿੰਘ ਕੰਪਿਊਟਰ ਫੈਕਲਟੀ ਜੋਕਿ ਸਕੂਲ ਪੁਲਸ ਕੈਡਿਟ ਇੰਚਾਰਜ ਦੀ ਅਗਵਾਈ ਹੇਠ ਪੋਸਕੋ ਐਕਟ 2019 ਬਾਰੇ ਜਾਣਕਾਰੀ ਦਿੱਤੀ ਗਈ।

ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਮੇਤ ਕਾਬੂ

ਮਲੋਟ (ਗੁਰਮੀਤ ਮੱਕੜ)-ਹਰਮਨਬੀਰ ਸਿੰਘ ਗਿੱਲ ਆਈ ਐੱਸ ਪੀ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਮੁੱਖ ਅਫਸਰ ਥਾਣਾ ਸਦਰ ਮਲੋਟ ਤੇ ਪੁਲਸ ਪਾਰਟੀ ਵੱਲੋਂ ਗ

30-August-PAGE-11.qxd 8/29/2023 9:44 PM Page 1

ਬਾਬਾ ਬੰਦਾ ਸਿੰਘ ਬਹਾਦਰ ਸਕੂਲ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਰੱਖੜੀ ਦਾ ਤਿਉਹਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਰੱਖੜੀ ਦਾ ਤਿਉਹਾਰ ਮੈਨੇਜਿੰਗ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਅਗਵਾਈ ਹੇਠ

ਬੜੇ ਉਤਸ਼ਾਹ ਨਾਲ ਅਤੇ ਧੂਮਧਾਮ ਨਾਲ ਮਨਾਇਆ ਗਿਆ। ਰੱਖੜੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਵੱਖ-ਵੱਖ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲਿਟਲ ਸਪਰਾਊਟ ਦੇ ਵਿਦਿਆਰਥੀਆਂ ਦਾ ਰੱਖੜੀ ਸਜਾਉਣ ਦਾ ਮੁਕਾਬਲਾ ਕਰਵਾਇਆ ਗਿਆ, ਛੋਟੇ-ਛੋਟੇ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਰੱਖੜੀਆਂ ਨੂੰ ਸਜਾਇਆ। ਇਸ ਵਿੱਚ ਪਹਿਲੇ ਸਥਾਨ ਤੇ ਨਰਸਰੀ ਜਮਾਤ ਦੀ ਵਿਦਿਆਰਥਣ ਇਬਾਦਤ ਕੌਰ ਅਤੇ ਜਸਨੂਰ ਸਿੰਘ, ਦੂਜਾ ਸਥਾਨ ਯੂਕੇਜੀ ਜਮਾਤ ਦੀ ਪਰਨੀਤ ਕੌਰ ਅਤੇ ਤੀਜਾ ਸਥਾਨ ਐੱਲਕੇਜੀ ਦੇ ਗੁਰਬਾਜ ਸਿੰਘ ਨੇ ਹਾਸਲ ਕੀਤਾ। ਪਹਿਲੀ ਤੋਂ ਤੀਸਰੀ ਜਮਾਤ ਦੇ ਵਿਦਿਆਰਥੀਆਂ ਦਾ ਰੱਖੜੀ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਪਹਿਲਾ ਸਥਾਨ ਤੀਸਰੀ ਜਮਾਤ ਦੀ ਵਿਦਿਆਰਥਣ ਨਵਜੋਤ ਕੌਰ, ਦੂਜਾ ਸਥਾਨ ਮਾਨਿਕ ਭਗਤ ਅਤੇ ਤੀਸਰਾ ਸਥਾਨ ਦੂਸਰੀ ਜਮਾਤ ਦੇ ਵਿਦਿਆਰਥੀ ਗੁਰਪ੍ਰਤਾਪ ਸਿੰਘ ਨੇ ਹਾਸਲ ਕੀਤਾ। ਚੌਥੀ ਤੋਂ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦਾ ਫੋਟੋ ਫਰੇਮ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੱਚਿਆਂ ਨੇ ਬਹੁਤ ਹੀ ਸੁੰਦਰ ਫੋਟੋ ਫਰੇਮ ਬਣਾ ਕੇ ਉਨ੍ਹਾਂ ਵਿੱਚ ਆਪਣੀ ਭੈਣ ਭਰਾਵਾਂ ਦੀਆਂ ਰੱਖੜੀ ਬੰਨ੍ਹਦਿਆਂ ਦੀਆਂ ਫੋਟੋਆਂ ਲਗਾਈਆਂ ਜੋ ਕਿ ਬਹੁਤ ਮਨਮੋਹਕ ਸਨ ਜਿਸ ਵਿੱਚ ਸਾਡੇ ਹੋਣਹਾਰ ਵਿਦਿਆਰਥੀ ਅਭੀਜੋਤ ਸਿੰਘ ਸੱਤਵੀਂ ਜਮਾਤ ਪਹਿਲਾ ਸਥਾਨ, ਮੋਨਾਲੀ ਕੁਮਾਰੀ ਛੇਵੀਂ ਜਮਾਤ ਦੂਸਰਾ ਸਥਾਨ ਅਤੇ ਸੁਖਮਨਪ੍ਰੀਤ ਕੌਰ ਅਤੇ ਪ੍ਰਭਸਿਮਰਨ ਕੌਰ ਛੇਵੀਂ ਜਮਾਤ ਨੇ ਤੀਸਰਾ ਸਥਾਨ ਹਾਸਲ ਕੀਤਾ। ਅੱਠਵੀਂ ਤੋਂ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਥਾਲੀ ਸਜਾਉਣ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਪਹਿਲਾ ਸਥਾਨ ਅੱਠਵੀ ਜਮਾਤ ਦੇ ਵਿਦਿਆਰਥੀ ਅੰਸਪ੍ਰੀਤ ਸਿੰਘ, ਦੂਸਰਾ ਸਥਾਨ ਅੱਠਵੀਂ ਜਮਾਤ ਦੀ ਸੋਨਾਲੀ ਕੁਮਾਰੀ ਅਤੇ ਤੀਸਰਾ ਸਥਾਨ ਨੌਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਹਾਸਲ ਕੀਤਾ। ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਸਕੂਲ ਦੇ ਵਿਦਿਅਰਥੀਆਂ ਨੂੰ ਸਿੱਖਿਆ ਦੇ ਖੇਤਰ ਦੇ ਨਾਲ-ਨਾਲ ਕਲਾ ਦੇ ਖੇਤਰ ਵਿੱਚ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਰੱਖੜੀ ਸਿਰਫ ਗੁੱਟ ਤੇ ਬੰਨ੍ਹਣ ਵਾਲਾ ਇੱਕ ਧਾਗਾ ਹੀ ਨਹੀਂ ਹੈ ਸਗੋਂ ਇਹ ਭੈਣ ਅਤੇ ਭਰਾ ਦੇ ਪਿਆਰ ਦਾ ਪ੍ਰਤੀਕ ਹੈ। ਅੰਤ ਵਿੱਚ ਮੈਨੇਜਿੰਗ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਅਤੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਰੇ ਤਿਉਹਾਰ ਆਪਸੀ ਭਾਈਚਾਰੇ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹਨ। ਸਾਰਿਆਂ ਨੂੰ ਇਹ ਤਿਉਹਾਰ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਉਣੇ ਚਾਹੀਦੇ ਹਨ।

ਸੜਕ ਹਾਦਸੇ ਦੌਰਾਨ ਪੁੱਤਰ ਦੀ ਮੌਤ, ਮਾਂ ਜ਼ਖਮੀ

ਅਣਪਛਾਤੇ ਵਾਹਨ ਚਾਲਕ ਵਿਰੁੱਧ ਕੇਸ ਦਰਜ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਧਾਰੀਵਾਲ ਸ਼ਹਿਰ ਦੇ ਬਾਹਰਵਾਰ ਨੈਸ਼ਨਲ ਹਾਈਵੇ ਉਪਰ ਹਾਦਸੇ ਦੌਰਾਨ ਗੰਭੀਰ ਜ਼ਖਮੀ ਹੋਏ ਮੋਟਰਸਾਈਕਲ ਸਵਾਰ ਚਾਲਕ ਦੀ ਮੌਤ ਹੋ ਗਈ, ਜਦਕਿ ਪਿੱਛੇ ਬੈਠੀ ਉਸਦੀ ਮਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਮ੍ਰਿਤਕ ਦੀ ਪਛਾਣ ਸੈਮੁਅਲ ਮਸੀਹ ਪੁੱਤਰ ਸਾਦਕ ਮਸੀਹ ਵਾਸੀ ਪਿੰਡ ਕੁਹਾੜ, ਥਾਣਾ ਸੇਖਵਾਂ ਵਜੋਂ ਹੋਈ। ਮ੍ਰਿਤਕ ਦੀ ਮਾਂ ਸ਼ਿਦੋ ਪਤਨੀ ਸਾਦਕ ਮਸੀਹ ਵਾਸੀ ਕੁਹਾੜ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਲੜਕੇ ਸੈਮੁਅਲ ਮਸੀਹ ਨਾਲ ਉਸਦੇ ਹੀਰੋ ਹਾਂਡਾ ਮੋਟਰਸਾਈਕਲ ਨੰਬਰੀ ਪੀਬੀ 06 ਕੇ 9840 ਤੇ ਸਵਾਰ ਹੋ ਕੇ ਦੋਵੇਂ ਜਣੇ ਗੁਰਦਾਸਪੁਰ ਤੋਂ ਆਪਣੇ ਪਿੰਡ ਕੁਹਾੜ ਨੂੰ ਜਾਂਦੇ ਸਮੇਂ ਜਦੋਂ ਸ਼ਹਿਰ ਧਾਰੀਵਾਲ ਦੇ ਬਾਹਰਵਾਰ ਨੈਸ਼ਨਲ ਹਾਈਵੇ ਉਪਰ ਪੀਰ ਦੀ ਸੈਨ ਪੁੱਲ ਲਾਗੇ ਪੁੱਜੇ ਤਾਂ ਪਿੱਛੋਂ ਆਏ ਕਿਸੇ ਅਣਪਛਾਤੇ ਵਾਹਨ ਚਾਲਕ ਨੇ ਆਪਣਾ ਵਹੀਕਲ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਮਾਰ ਕੇ ਦਿੱਤਾ। ਇਸ ਹਾਦਸੇ ਦੌਰਾਨ ਉਹ ਦੋਵੇਂ ਜਣੇ ਸੜਕ ਉਪਰ ਡਿੱਗ ਪਏ ਅਤੇ ਉਸਦਾ ਬੇਟਾ ਸੈਮੁਅਲ ਮਸੀਹ ਗੰਭੀਰ ਜਖਮੀ ਹੋ ਗਿਆ ਤੇ ਉਸ (ਸ਼ਿਦੋ) ਦੇ ਵੀ ਮਾਮੂਲੀ ਸੱਟਾਂ ਲੱਗੀਆਂ। ਗੰਭੀਰ ਜ਼ਖਮੀ ਹਾਲਤ ਸੈਮੁਅਲ ਮਸੀਹ ਹਸਪਤਾਲ ਲੈ ਕੇ ਜਾਂਦੇ ਸਮੇਂ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਰਸਤੇ ਵਿੱਚ ਹੀ ਦਮ ਤੋੜ ਗਿਆ। ਥਾਣਾ ਧਾਰੀਵਾਲ ਦੀ ਮੁਖੀ ਸਬ ਇੰਸਪੈਕਟਰ ਰਜਿੰਦਰ ਕੌਰ ਨੇ ਦੱਸਿਆ ਕਿ ਏਐੱਸਆਈ ਜੀਵਨ ਸਿੰਘ ਨੇ ਮ੍ਰਿਤਕ ਦੀ ਮਾਤਾ ਦੇ ਬਿਆਨਾਂ ਅਨੁਸਾਰ ਅਣਪਛਾਤੇ ਵਾਹਨ ਚਾਲਕ ਵਿਰੁੱਧ ਧਾਰਾ 337,338,279, 427,304-ਏ ਤਹਿਤ ਮੁਕੱਦਮਾ ਦਰਜ ਕੀਤਾ ਹੈ।

ਬੈਡਮਿੰਟਨ ਦੇ ਜ਼ੋਨਲ ਪੱਧਰੀ ਮੁਕਾਬਲਿਆਂ 'ਚ ਬਾਬਾ ਅਜੈ ਸਿੰਘ ਖਾਲਸਾ ਸਕੂਲ ਦੀ ਬੱਲੇ-ਬੱਲੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਵਿੱਚ ਚੱਲ ਰਹੀ ਸੰਸਥਾ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ (ਗੁਰਦਾਸਪੁਰ) ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰੀ ਬੈਡਮਿੰਟਨ ਖੇਡ ਮੁਕਾਬਲੇ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ ਹੈ। ਇਸ ਸਬੰਧੀ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਗੁਰਦਾਸਪੁਰ ਵਲੋਂ ਜ਼ਿਲ੍ਹਾ ਸਿੱਖਿਆ ਅਫਸਰ ਵਿਨੋਦ ਸ਼ਰਮਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਮੈਡਮ ਅਨੀਤਾ ਦੀ ਅਗਵਾਈ ਹੇਠ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਬੁਰਜ ਸਾਹਿਬ) ਧਾਰੀਵਾਲ ਵਿਖੇ ਕਰਵਾਏ ਗਏ। ਟੂਰਨਾਮੈਂਟ ਕਮੇਟੀ ਦੇ ਜ਼ੋਨ ਪ੍ਰਧਾਨ ਪ੍ਰਿੰਸੀਪਲ ਅਨੂਪ ਸਿੰਘ ਦੀ ਦੇਖ ਰੇਖ ਹੇਠ ਹੋਏ ਜ਼ੋਨਲ ਪੱਧਰੀ ਬੈਡਮਿੰਟਨ ਖੇਡ ਮੁਕਾਬਲਿਆਂ ਵਿੱਚ ਧਾਰੀਵਾਲ ਜ਼ੋਨ ਦੇ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ। ਇਨ੍ਹਾਂ ਬੈਡਮਿੰਟਨ ਮੁਕਾਬਲਿਆਂ ਦੌਰਾਨ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦੇ ਖਿਡਾਰੀਆਂ (ਲੜਕੇ/ਲੜਕੀਆਂ) ਨੇ ਡੀਪੀਈ ਅਮਰੀਕ ਸਿੰਘ ਦੀ ਅਗਵਾਈ ਹੇਠ ਭਾਗ ਲੈ ਕੇ ਸ਼ਨਦਾਰ ਪ੍ਰਦਰਸ਼ਨ ਕਰਕੇ ਬੈਡਮਿੰਟਨ ਖੇਡ (ਅੰਡਰ-14) ਲੜਕੀਆਂ ਪਹਿਲਾ ਸਥਾਨ। ਇਸੇ ਤਰ੍ਹਾਂ ਬੈਡਮਿੰਟਨ ਖੇਡ (ਅੰਡਰ 17) ਲੜਕੀਆਂ ਵਿੱਚ ਵੀ ਪਹਿਲਾ

ਸਥਾਨ। ਬੈਡਮਿੰਟਨ ਖੇਡ (ਅੰਡਰ-17) ਲੜਕੇ ਦੂਸਰਾ ਸਥਾਨ ਹਾਸਲ ਕੀਤਾ ਹੈ। ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚ ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋਂ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਤੇ ਸਕੂਲ ਇੰਚਾਰਜ ਹਰਮਿੰਦਰ ਕੌਰ ਨੇ ਜੇਤੂ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਅਤੇ ਡੀਪੀਈ ਅਮਰੀਕ ਸਿੰਘ ਤੇ ਖਿਡਾਰੀਆਂ ਨਾਲ ਗਈ ਮੈਡਮ ਰਾਜਵਿੰਦਰ ਕੌਰ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਭਵਿੱਖ ਵਿੱਚ ਵੀ ਪੜ੍ਹਾਈ ਦੇ ਨਾਲ ਨਾਲ ਇਥੇ ਤਰ੍ਹਾਂ ਖੇਡਾਂ ਵਿੱਚ ਵੀ ਵਧੇਰੇ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਸਮਰੱਥ ਸਿੱਖਿਆ ਤਹਿਤ ਅਧਿਆਪਕਾਂ ਦਾ ਦੋ ਰੋਜ਼ਾ ਸੈਮੀਨਾਰ

ਪੰਜਾਬ ਸਰਕਾਰ ਗੁਣਾਤਮਕ ਸਿੱਖਿਆ ਲਈ ਵਚਨਬੱਧ : ਬੀ.ਪੀ.ਈ.ਓ.

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਮਮਤਾ ਖੁਰਾਣਾ ਸੇਠੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਪ੍ਰਕਾਸ਼ ਜੋਜ਼ੀ ਦੇ ਸਹਿਯੋਗ ਨਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਅਧਿਆਪਕਾਂ ਦੇ ਸਮਰੱਥ ਸਿੱਖਿਆ ਤਹਿਤ ਸੈਮੀਨਾਰ ਲਗਾਏ ਜਾ ਰਹੇ ਹਨ । ਇਸੇ ਲੜੀ ਦੇ ਤਹਿਤ ਬਲਾਕ ਡੇਰਾ ਬਾਬਾ ਨਾਨਕ 1 ਦੇ ਬੀਪੀਈਓ ਭਾਰਤ ਰਤਨ ਦੇ ਆਦੇਸ਼ਾਂ 'ਤੇ ਡੇਰਾ ਬਾਬਾ ਨਾਨਕ 3 ਸੈਂਟਰ ਮੁੱਖ ਅਧਿਆਪਕ ਅੰਮ੍ਰਿਤਪਾਲ ਸਿੰਘ ਰੰਧਾਵਾ ਦੀ ਯੋਗ ਅਗਵਾਈ ਹੇਠ ਬਲਾਕ ਡੇਰਾ ਬਾਬਾ ਨਾਨਕ 1 ਦੇ ਅਧਿਆਪਕਾਂ ਦੇ 2 ਰੋਜ਼ਾ ਸੈਮੀਨਾਰ ਬਲਾਕ ਪ੍ਰਾਇਮਰੀ ਸਿੱਖਿਆਂ ਦਫਤਰ ਡੇਰਾ ਬਾਬਾ ਨਾਨਕ ਵਿਖੇ ਲਗਾਏ ਜਾ ਰਹੇ ਹਨ। ਇਸ ਮੌਕੇ

ਪਹਿਲੇ ਗੇੜ ਦੇ ਸੈਮੀਨਾਰ ਦੌਰਾਨ ਲਗਭਗ 30 ਦੇ ਕਰੀਬ ਅਧਿਆਪਕਾਂ ਨੇ ਭਾਗ ਲਿਆ। ਇਸ ਮੌਕੇ ਡੇਰਾ ਬਾਬਾ ਨਾਨਕ ਬਲਾਕ 1 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਭਾਰਤ ਰਤਨ ਵੱਲੋਂ ਵਿਸ਼ੇਸ਼ ਤੌਰ 'ਤੇ ਵਿਜ਼ਟ ਕਰਕੇ ਅਧਿਆਪਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਬੀਪੀਈਓ ਭਾਰਤ ਰਤਨ ਨੇ ਕਿਹਾ ਕਿ ਵਿਦਿਆਰਥੀਆਂ ਦਾ ਸਾਰੇ ਵਿਸ਼ਿਆਂ ਵਿੱਚ ਪਰਪੱਕ ਹੋਣਾ ਜ਼ਰੂਰੀ ਹੈ। ਇਸ ਲਈ ਪੰਜਾਬੀ, ਗਣਿਤ ਅਤੇ ਅੰਗ੍ਰੇਜ਼ੀ ਵਿੱਚ ਹਰ ਪੱਖੋਂ ਪਰਪੱਕ ਕਰਨ ਲਈ ਅਧਿਆਪਕਾਂ ਨੂੰ ਵਿਸ਼ੇਸ਼ ਤੌਰ 'ਤੇ ਟ੍ਰੇਂਡ ਕੀਤਾ ਜਾ ਰਿਹਾ ਹੈ। ਇਸ ਦੌਰਾਨ ਵੱਖ-ਵੱਖ ਗਤੀਵਿਧੀਆਂ ਵੀ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਬੱਚਾ ਖੇਡ-ਖੇਡ ਵਿੱਚ ਗਿਆਨ ਹਾਸਲ ਕਰ ਸਕੇ। ਉਨ੍ਹਾ ਦੱਸਿਆ ਕਿ ਪ੍ਰਾਇਮਰੀ ਪੱਧਰ ਤੇ ਇਹ ਸੈਮੀਨਾਰ ਤੀਸਰੀ ਤੋਂ ਪੰਜਵੀਂ ਤੱਕ ਲਗਾਏ ਜਾ ਰਹੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਇਸ ਦੌਰਾਨ ਬਲਾਕ ਰਿਸੋਰਸਪਰਸਨ ਗੁਰਮੁੱਖ ਸਿੰਘ ਤੇ ਬਲਾਕ ਰਿਸੋਰਸਪਰਸਨ ਲਵਪ੍ਰੀਤ ਸਿੰਘ ਵੱਲੋਂ ਅਧਿਆਪਕਾਂ ਨਾਲ ਵੱਖ-ਵੱਖ ਵਿਸ਼ਿਆਂ ਸਬੰਧੀ ਵਿਸਥਾਰ ਸਹਿਤ ਗੱਲਬਾਤ ਕੀਤੀ ਗਈ ਅਤੇ ਅਧਿਆਪਕਾਂ ਨੂੰ ਪ੍ਰਜੈਕਟਰ ਰਾਹੀਂ ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਦੀ ਭਰਪੂਰ ਜਾਣਕਾਰੀ ਦਿੱਤੀ ਗਈ । ਇਸ ਮੌਕੇ ਜ਼ਿਲਾ ਕੋਆਰਡੀਨੇਟਰ ਲਖਵਿੰਦਰ ਸਿੰਘ ਸੋਖੋਂ ਨੇ ਵੀ ਚੈਕਿੰਗ ਦੌਰਾਨ ਚੱਲ ਰਹੇ ਸੈਮੀਨਾਰ ਵਿੱਚ ਮਿਸ਼ਨ ਸਮਰੱਥ ਸਬੰਧੀ ਆਪਣੇ ਵਿਚਾਰ ਅਧਿਆਪਕਾਂ ਨਾਲ ਸਾਂਝੇ ਕੀਤੇ। ਇਸ ਮੌਕੇ ਰਘਬੀਰ ਸਿੰਘ, ਮੈਡਮ ਰੁਪਿੰਦਰ ਕੌਰ, ਮਨਿੰਦਰ ਸਿੰਘ ਬੇਦੀ, ਅਭਿਸ਼ੇਕ ਕੁਮਾਰ, ਸੁਰਿੰਦਰ ਸਿੰਘ, ਰੀਚਾ ਸ਼ਰਮਾ, ਜੋਗਿਤਾ ਸ਼ਰਮਾ, ਬਬਲੀ, ਸ਼ਸ਼ੀ ਦੇਵੀ, ਰਸਿੰਦਰ ਕੌਰ, ਆਸਥਾ, ਸਰਬਜੀਤ ਕੌਰ, ਨੰਦਿਤਾ ਅਤੇ ਬਲਜੀਤ ਕੌਰ ਆਦਿ ਅਧਿਆਪਕ ਹਾਜ਼ਰ ਸਨ।

ਝੋਨੇ ਦੀ ਫਸਲ 'ਚ ਕੀਟਾਂ ਤੋਂ ਬਚਾਅ ਲਈ ਸੁਚੱਜਾ ਕੀਟ ਪ੍ਰਬੰਧਨ ਸਮੇਂ ਦੀ ਲੋੜ: ਡਾ. ਰਾਜਿੰਦਰ ਕੁਮਾਰ

ਪਠਾਨਕੋਟ, (ਦਵਿੰਦਰ ਸਿੰਘ)-ਡੀ ਸੀ ਪਠਾਨਕੋਟ ਦੀ ਯੋਗ ਅਗਵਾਈ ਹੇਠ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ ਡਾ. ਰਾਜਿੰਦਰ ਕੁਮਾਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ/ਬਾਸਮਤੀ ਵਿੱਚ ਕੀਟਾਂ ਤੋਂ ਬਚਾਅ ਲਈ ਸੁੱਚਜੇ

ਕੀਟ ਪ੍ਰਬੰਧਨ ਦੀ ਬਹੁਤ ਲੋੜ ਹੈ। ਇਸ ਲਈ ਝੋਨੇ ਦੀ ਫ਼ਸਲ ਤੋਂ ਲਾਹੇਵੰਦ ਝਾੜ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਝੋਨੇ ਵਿੱਚ ਸਿਫਾਰਸ਼ਾਂ ਅਨੁਸਾਰ ਸੰਯੁਕਤ ਕੀਟ ਪ੍ਰਬੰਧਨ ਦੀਆਂ ਤਕਨੀਕਾਂ ਨੂੰ ਅਮਲ ਵਿੱਚ ਲਿਆਉਣ ਦੀ ਸਖ਼ਤ ਜ਼ਰੂਰਤ ਹੈ। ਝੋਨੇ ਦੀ ਫਸਲ ਵਿੱਚ ਜੁਲਾਈ ਤੋਂ ਅਕਤੂਬਰ ਤੱਕ ਮੌਸਮ ਅਨੁਸਾਰ ਤਣੇ ਦੇ ਗਡੂੰਏ, ਪੱਤਾ ਲਪੇਟ ਸੁੰਡੀ ਅਤੇ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸੰਯੁਕਤ ਕੀਟ ਪ੍ਰਬੰਧਨ ਅਪਣਾ ਕੇ ਇਨ੍ਹਾਂ ਦੇ ਹਮਲੇ ਤੋਂ ਕਾਫ਼ੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਫ਼ਸਲ ਦੀ ਸਮੇਂ ਸਿਰ ਬਿਜਾਈ ਤੋਂ ਬਾਅਦ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਕੱਦੂ ਵਾਲੇ ਝੋਨੇ ਦੇ ਖੇਤ ਵਿੱਚ ਪਨੀਰੀ ਲਾਉਣ ਤੋਂ ਕੇਵਲ ਦੋ ਹਫਤੇ ਤੱਕ ਨਦੀਨਨਾਸ਼ਕਾਂ ਨੂੰ ਅਸਰਦਾਰ ਬਣਾਉਣ ਲਈ ਪਾਣੀ ਖੜ੍ਹਾ ਰੱਖਣਾ ਚਾਹੀਦਾ ਹੈ। ਇਸ ਤੋਂ ਬਾਅਦ ਪਾਣੀ ਉਦੋਂ ਦਿਉ ਜਦੋਂ ਖੇਤ ਵਿੱਚ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ। ਅਜਿਹਾ ਕਰਨ ਨਾਲ ਨਾ ਕੇਵਲ ਝੋਨੇ ਦੇ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ਸਗੋਂ ਝੋਨੇ ਦੀਆਂ ਬਿਮਾਰੀਆਂ ਤੋਂ ਬਚਾਅ ਦੇ ਨਾਲਨਾਲ ਪਾਣੀ ਅਤੇ ਸਪਰੇਅਾ

30-Aug-PAGE- 12 qxd.qxd 8/29/2023 9:46 PM Page 1

ਜ਼ੋਨਲ ਵਾਲੀਬਾਲ ਮੁਕਾਬਲਿਆਂ 'ਚ ਖਿਡਾਰੀਆਂ ਦਾ ਬਾਕਮਾਲ ਪ੍ਰਦਰਸ਼ਨ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਾਹਬਾਜਪੁਰ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਜ਼ੋਨਲ ਵਾਲੀਬਾਲ ਮੁਕਾਬਲਿਆਂ ਦਾ ਉਦਘਾਟਨ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਕੀਤਾ। ਉਨ੍ਹਾ ਤਮਾਮ ਟੀਮਾਂ ਦਾ ਹੌਸਲਾ ਵਧਾਇਆ ਅਤੇ ਸਭ ਨੂੰ ਵਧੀਆ ਪ੍ਰਦਰਸ਼ਨ ਕਰਨ ਅਤੇ ਖੇਡ ਭਾਵਨਾ ਦੇ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਮੁਕਾਬਲਿਆਂ ਦੇ ਉਦਘਾਟਨੀ ਮੈਚ 'ਚ ਸਕੂਲ ਟੀਮ ਨੇ ਆਦੇਸ਼ ਇੰਟਰਨੈਸ਼ਨਲ ਸਕੂਲ ਮਿਆਣੀ ਦੀ ਟੀਮ ਨੂੰ ਹਰਾਇਆ। ਇਹ ਖੇਡ ਮੁਕਾਬਲੇ 28 ਅਗਸਤ ਤੋਂ ਲੈ ਕੇ 30 ਅਗਸਤ ਤੱਕ ਚੱਲਣਗੇ। ਇਨ੍ਹਾਂ ਮੁਕਾਬਲਿਆਂ 'ਚ ਟਾਂਡਾ ਜ਼ੋਨ ਦੀਆਂ ਤਮਾਮ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਦੀਆਂ ਟੀਮਾਂ ਹਿੱਸਾਂ ਲੈਣਗੀਆਂ। ਵਾਲੀਬਾਲ ਜ਼ੋਨਲ ਮੁਕਾਬਲਿਆਂ 'ਚ ਲੜਕਿਆਂ ਦੇ ਵਰਗ ਦੇ 'ਚ ਅੰਡਰ-19 ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ, ਦੂਜਾ ਡਿਪਸ ਸਕੂਲ ਟਾਂਡਾ ਅਤੇ ਤੀਜਾ ਸਥਾਨ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਸਾਹਬਾਜਪੁਰ ਨੇ ਹਾਸਲ ਕੀਤਾ। ਅੰਡਰ 17 ਮੁਕਾਬਲਿਆਂ 'ਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ, ਦੂਜਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਅਤੇ ਤੀਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਡੱਡੀਆ ਨੇ ਹਾਸਲ ਕੀਤਾ। ਅੰਡਰ-14 'ਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ, ਦੂਜਾ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਸ਼ਾਹਬਾਜ਼ਪੁਰ ਅਤੇ ਤੀਸਰਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਢੱਡਰੀਆਂ ਨੇ ਹਾਸਲ ਕੀਤਾ। ਇਸ ਮੌਕੇ ਗਜਿੰਦਰਪਾਲ ਸਿੰਘ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਬਲਜੀਤ ਕੌਰ, ਪੂਜਾ, ਅਰਚਣਾ, ਵਿਸਾਲੀ, ਗੁਰਪ੍ਰੀਤ, ਰਾਜਵੀਰ ਕੌਰ, ਰਾਜਵਿੰਦਰ, ਸੁਮਨ, ਹਰਜੀਤ ਕੌਰ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।

ਬਹੁਰੰਗ ਕਲਾ ਮੰਚ ਵੱਲੋਂ ਨੁੱਕੜ ਨਾਟਕ 'ਗੋਸ਼ਟੀ' ਦਾ ਸ਼ਾਨਦਾਰ ਪ੍ਰਦਰਸ਼ਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਥਾਨਕ ਪੰਡਿਤ ਜਗਤਰਾਮ ਗੌਰਮਿੰਟ ਪੋਲੀਟੈਕਨਿਕ ਕਾਲਜ ਵਿਖੇ ਨਹਿਰੂ ਯੂਵਾ ਕੇਂਦਰ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ "ਯੂਵਾ ਸੰਵਾਦ" ਭਾਰਤ ਦੇ ਪੰਚ ਪ੍ਰਾਣ -ਇਕ ਯੂਵਾ ਪਰਿਚਰਚਾ ਪ੍ਰੋਗਰਾਮ ਵਿੱਚ ਬਹੁਰੰਗ ਕਲਾ ਮੰਚ ਹੁਸ਼ਿਆਰਪੁਰ ਵੱਲੋਂ ਅਸ਼ੋਕ ਪੁਰੀ ਦਾ ਲਿਖਿਆ ਅਤੇ ਨਿਰਦੇਸ਼ਤ ਨੁੱਕੜ ਨਾਟਕ "ਗੋਸ਼ਟੀ" ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸੰਦੀਪ ਸਿੰਗਲਾ, ਪ੍ਰੋ.ਰਾਜੇਸ਼ ਧੁੰਨਾ ਅਤੇ ਪ੍ਰੋ: ਪੰਕਜ ਚਾਵਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਨੁੱਕੜ ਨਾਟਕ "ਗੋਸ਼ਟੀ" ਵਿੱਚ ਨਾਟਕਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਸੰਵਾਦ 'ਤੇ ਅਧਾਰਤ ਗੋਸ਼ਟੀਆਂ ਦੀ ਚਰਚਾ ਕਰਦੇ ਹੋਏ ਅੱਜ ਦੇ ਨੌਜਵਾਨ ਨੂੰ ਸੰਵਾਦ ਰਚਾਉਣ ਵੱਲ ਪ੍ਰੇਰਿਆ। ਕਿਸੇ ਵੀ ਵਿਸ਼ੇ ਉਪਰ ਸਹਿਮਤ ਜਾਂ ਅਸਹਿਮਤ ਹੋਣ ਦੇ ਨਾਲ-ਨਾਲ ਸੰਵਾਦ ਦਾ ਚੱਲਦੇ ਰਹਿਣਾ ਅੱਜ ਦੇ ਨਾਟਕ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਸ ਨਾਟਕ ਵਿੱਚ ਸੂਤਰਧਾਰ ਅਸ਼ੋਕ ਪੁਰੀ ਦੇ ਨਾਲ ਵਿਕਰਮ ਪ੍ਰੀਤ ਸਿੰਘ, ਅਮ੍ਰਿਤਪਾਲ, ਹਰਜਿੰਦਰ, ਜਸਪਾਲ ਸਿੰਘ, ਕੁਲਦੀਪ ਮਾਹੀ ਅਤੇ ਸੁਖਵਿੰਦਰ ਪਾਲ ਨੇ ਆਪਣੇ-ਆਪਣੇ ਕਿਰਦਾਰ ਨਾਲ ਪੂਰੀ ਤਰ੍ਹਾਂ ਇਨਸਾਫ ਕੀਤਾ ਹੈ। ਇਸ ਮੌਕੇ ਨਹਿਰੂ ਯੂਵਾ ਕੇਂਦਰ ਵੱਲੋਂ ਅਸ਼ਵਨੀ ਕੁਮਾਰ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ। ਨੱਕੜ ਨਾਟਕ ਦੇ ਪ੍ਰਦਰਸ਼ਨ ਤੋਂ ਬਾਅਦ ਪ੍ਰਿੰਸੀਪਲ ਸੰਦੀਪ ਸਿੰਗਲਾ ਨੇ ਅੱਜ ਦੇ ਨੌਜਵਾਨਾਂ ਵਿੱਚ ਗੋਸ਼ਟੀ ਦੀ ਮਹੱਤਤਾ ਲਈ ਨਹਿਰੂ ਯੂਵਾ ਕੇਂਦਰ ਵੱਲੋਂ ਉਨ੍ਹਾਂ ਦੀ ਸੰਸਥਾ ਵਿਖੇ ਇਹ ਪ੍ਰੋਗਰਾਮ ਕਰਨ ਲਈ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅਖੀਰ ਵਿੱਚ ਨਿਰਦੇਸ਼ਕ ਅਸ਼ੋਕ ਪੁਰੀ ਨੇ ਪੰਚ-ਪ੍ਰਾਣ 'ਤੇ ਸਹੁੰ ਚੁਕਾਈ।

ਪਿੰਡਾਂ 'ਚ ਸਟੇਡੀਅਮ ਬਣਨ ਨਾਲ ਨੌਜਵਾਨ ਖੇਡਾਂ ਪ੍ਰਤੀ ਹੋਣਗੇ ਜਾਗਰੂਕ : ਜਿੰਪਾ

ਹੁਸ਼ਿਆਰਪੁਰ, (ਓ ਪੀ ਰਾਣਾ)

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਅੱਜੋਵਾਲ ਵਿਖੇ 38.50 ਲੱਖ ਰੁਪਏ ਦੀ ਲਾਗਤ ਨਾਲ ਬਣਨ ਜਾ ਰਹੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਦੇ ਹੋਏ ਕਿਹਾ ਕਿ ਪਿੰਡਾਂ ਵਿੱਚ ਖੇਡ ਸਟੇਡੀਅਮਾ ਦੀ ਸਥਾਪਨਾ ਨਾਲ ਨੌਜਵਾਨ ਪੀੜੀ ਖੇਡਾਂ ਪ੍ਰਤੀ ਜਾਗਰੂਕ ਹੋਵੇਗੀ ਅਤੇ ਪੰਜਾਬ ਖੇਡਾਂ ਦੇ ਖੇਤਰ ਵਿਚ ਦੁਬਾਰਾ ਮੋਹਰੀ ਸੂਬਾ ਬਣ ਕੇ ਉਭਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਪਹਿਲ ਕਦਮੀ ਨਾਲ ਨੌਜਵਾਨ ਪੀੜੀ ਨੂੰ ਖੇਡਾਂ ਦੇ ਖੇਤਰ ਵਿਚ ਨਵੇਂ ਆਯਾਮ ਸਥਾਪਿਤ ਕਰਨ ਦੇ ਮੌਕੇ ਮਿਲਣਗੇ ਅਤੇ ਸੂਬੇ ਦੇ ਨੌਜਵਾਨ ਖਿਡਾਰੀ ਸੂਬੇ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਖੇਡ ਦਾ ਲੋਹਾ ਮਨਵਾ ਕੇ ਪੰਜਾਬ ਦਾ ਨਾਂਅ ਰੋਸ਼ਨ ਕਰਨਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡਾਂ ਵਿੱਚ ਬਣਾਏ ਜਾ ਰਹੇ ਇਹਨਾਂ ਸਟੇਡੀਅਮ ਦੇ ਨਿਰਮਾਣ ਨਾਲ ਪਿੰਡਾਂ ਵਿੱਚ ਸਿਹਤਮੰਦ ਮਾਹੌਲ ਬਣਨ ਨਾਲ ਸਾਡੀ ਨੌਜਵਾਨ ਪੀੜੀ ਤੰਦਰੁਸਤ ਰਹੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੀ ਦਿਸ਼ਾ ਵਿਚ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਇਸ ਸਾਲ ਫਿਰ ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਖੇਡ ਮੁਕਾਬਲੇ ਸ਼ੁਰੂ ਹੋਣ ਜਾ ਰਹੇ ਹਨ, ਜਿਸ ਵਿੱਚ ਹਰ ਉਮਰ ਦੇ ਨੌਜਵਾਨ ਅਤੇ ਬਜ਼ੁਰਗ ਹਿੱਸਾ ਲੈ ਪਾਉਣਗੇ।] ਉਨ੍ਹਾਂ ਦੱਸਿਆ ਕਿ ਪਿੰਡਾਂ ਵਿੱਚ ਬਣਾਏ ਜਾ ਰਹੇ ਖੇਡ ਸਟੇਡੀਅਮ ਵਿੱਚ ਜਿੱਥੇ ਇੱਕ ਵਧੀਆ ਸੈਰਗਾਹ ਬਣਾਈ ਜਾਏਗੀ ਉੱਥੇ ਹੀ ਇੱਕ ਓਪਨ ਜ਼ਿਮ ਵੀ ਬਣਾਇਆ ਜਾਵੇਗਾ। ਇਸ ਮੌਕੇ ਚੇਅਰਮੈਨ ਦਿ ਹੁਸ਼ਿਆਰਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਵਿਕਰਮ ਸ਼ਰਮਾ, ਐਕਸੀਅਨ ਪੰਚਾਇਤੀ ਰਾਜ ਰਾਜ ਕੁਮਾਰ, ਬੀ.ਡੀ.ਪੀ.ਓ ਸੁਖਜਿੰਦਰ ਸਿੰਘ, ਐਸ.ਡੀ.ਓ ਪੰਚਾਇਤੀ ਰਾਜ ਅਮਰਜੀਤ ਸਿੰਘ, ਜੇਈ ਗੁਰਦੀਪ ਸਿੰਘ, ਪ੍ਰਿਤਪਾਲ, ਰਾਜਨ ਸੈਣੀ, ਅਵਤਾਰ ਸਿੰਘ, ਕਮਲ ਕੁਮਾਰ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜਰ ਸਨ।

ਨਗਰ ਕੌਂਸਲ ਭੋਗਪੁਰ ਵਿਖੇ ਮਨਾਇਆ ਰੱਖੜੀ ਦਾ ਤਿਉਹਾਰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਅੱਜ ਨਗਰ ਕੌਂਸਲ ਭੋਗਪੁਰ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਪ੍ਰਜਾ ਪਿਤਾ ਬ੍ਰਹਮਾ ਕੁਮਾਰੀ ਇਸਵਰੀਏ ਵਿਸਵ ਵਿਦਿਆਲਯ ਆਦਮਪੁਰ ਤੋਂ ਰਾਜ ਯੋਗਨੀ ਸੀਮਾ ਦੀਦੀ, ਰਾਜ ਯੋਗਨੀ ਅਨੀਤਾ ਦੀਦੀ, ਬ੍ਰਹਮਾਂ ਕੁਮਾਰ ਰਾਹੁਲ ਬਾਈ, ਉਚੇਚੇ ਤੌਰ 'ਤੇ ਪੁੱਜੇ ਅਤੇ ਜਿਸ ਵਿੱਚ ਭੋਗਪੁਰ ਸਹਿਰ ਦੇ ਵੀਰਾਂ - ਭਰਾਵਾਂ ਨੂੰ ਰੱਖੜੀ ਬੰਨੀ ਗਈ। ਇਸ ਮੌਕੇ ਰਾਜ ਯੋਗਨੀ ਸੀਮਾ ਦੀਦੀ ਨੇ ਕਿਹਾ ਕਿ ਰੱਖੜੀ ਦੇ ਤਿਉਹਾਰ ਦਾ ਮਤਲਬ ਹੈ ਕਿ ਆਪਣੇ ਆਪ ਨੂੰ ਪਹਿਚਾਨਣਾ ਕਿ ਅਸੀਂ ਇੱਕ ਪਵਿੱਤਰ ਆਤਮਾ ਹਾਂ ਅਤੇ ਪਰਮਾਤਮਾ ਦੇ ਨਾਲ ਨਾਤਾ ਜੋੜਨਾ ਅਤੇ ਆਪਣੀ ਸਕਤੀ ਜੋ ਅਸੀਂ ਵਿਅਰਥ ਗਵਾ ਰਹੇ ਹਾਂ ਉਸ ਨੂੰ ਪਰਮਾਤਮਾ ਕੋਲੋਂ ਪਾਉਣਾ ਅਤੇ ਜੀਵਨ ਨੂੰ ਸੁਖੀ ਬਣਾਉਣਾ ਹੈ। ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ, ਸੰਜੀਵ ਅਗਰਵਾਲ ਸੀਨੀਅਰ ਆਪ ਆਗੂ, ਮੰਜੂ ਅਗਰਵਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਭੋਗਪੁਰ, ਹਰਮਿੰਦਰ ਸਿੰਘ ਤਹਿਸੀਲਦਾਰ ਭੋਗਪੁਰ, ਆਸੀਸ ਸਰਮਾ ਐਕਸੀਅਨ ਬਿਜਲੀ ਬੋਰਡ ਭੋਗਪੁਰ, ਗਗਨਦੀਪ ਸਿੰਘ ਐਸ. ਡੀ. ਓ. ਬਿਜਲੀ ਬੋਰਡ ਭੋਗਪੁਰ, ਸੁਖਜੀਤ ਸਿੰਘ ਐਸ. ਐਚ. ਓ. ਥਾਣਾ ਭੋਗਪੁਰ, ਕਮਲਜੀਤ ਸਿੰਘ ਡੱਲੀ, ਰਾਕੇਸ ਮਹਿਤਾ, ਸੂਬੇਦਾਰ ਹੰਸਰਾਜ, ਸੁਖਦੇਵ ਰਾਜ ਰਾਜਾ, ਬਿੰਦਰ ਭੰਡਾਰੀ, ਰਮੇਸ ਚੰਦਰ ਅਰੋੜਾ, ਪਵਨ ਅਰੋੜਾ, ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਸਤਨਾਮ ਸਿੰਘ ਮਨਕੋਟੀਆ, ਪਰਦੀਪ ਸਿੰਘ, ਭੁਪਿੰਦਰ ਸਿੰਘ, ਧਰਮ ਸਿੰਘ, ਗੁਰਦੇਵ ਸਿੰਘ, ਸਤਨਾਮ ਸਿੰਘ ਟਾਂਡੀ, ਅਜੇ ਕੁਮਾਰ, ਅਮਰਜੀਤ ਜੰਡੀਰ ਅਤੇ ਹੋਰ ਆਦਿ ਸਾਮਿਲ ਸਨ।

ਐੱਲ ਪੀ ਯੂ ਦੇ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਫਿਰ ਇਤਿਹਾਸ ਰਚਿਆ : ਵਿਸ਼ਵ ਅਥਲੈਟਿਕਸ 'ਚ ਗੋਲਡ

ਜਲੰਧਰ (ਸ਼ੈਲੀ ਐਲਬਰਟ)-: ਟੋਕੀਓ ਓਲੰਪਿਕ-2020 ਦੇ ਗੋਲਡ ਮੈਡਲ ਜਿੱਤਣ ਅਤੇ ਭਾਰਤੀ ਐਥਲੈਟਿਕਸ ਦੇ ਖੇਤਰ ਵਿੱਚ ਇਤਿਹਾਸ ਰਚਣ ਦੀ ਤਰ੍ਹਾਂ; ਐਲਪੀਯੂ ਦੇ ਜੈਵਲਿਨ ਥਰੋਅਰ ਨੀਰਜ ਚੋਪੜਾ ਨੇ ਵਿਸ਼ਵ ਦੇ ਸਿਖਰ 'ਤੇ ਹੋਣ ਲਈ ਇੱਕ ਵਾਰ ਫਿਰ ਗੋਲਡ ਮੈਡਲ ਜਿੱਤ ਲਿਆ ਹੈ। ਇਹ ਮੌਕਾ ਸੀ ਬੁਡਾਪੇਸਟ (ਹੰਗਰੀ) ਦੇ ਨੈਸ਼ਨਲ ਅਥਲੈਟਿਕਸ ਸੈਂਟਰ ਵਿਖੇ ਆਯੋਜਿਤ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ-2023 ਦਾ। ਇੱਥੇ, ਉਨਾਂ ਦਾ ਰਿਕਾਰਡ 88.17 ਮੀਟਰ ਜੈਵਲਿਨ ਥਰੋਅ ਨੇ ਅਜਿਹਾ ਕਰਨ ਵਾਲੇ ਭਾਰਤ ਦੇ ਪਹਿਲੇ ਅਥਲੀਟ ਵਜੋਂ ਉਸ ਲਈ ਚੋਟੀ ਦਾ ਸਥਾਨ ਪ੍ਰਾਪਤ ਕੀਤਾ । ਨੀਰਜ ਨੇ ਪਾਕਿਸਤਾਨ ਦੇ ਆਪਣੇ ਨਜ਼ਦੀਕੀ ਵਿਰੋਧੀ ਅਥਲੀਟ ਅਰਸ਼ਦ ਨਦੀਮ ਨੂੰ ਹਰਾਇਆ ।ਆਪਣੇ ਸਫਲਤਾ ਦੇ ਮੰਤਰ ਬਾਰੇ ਸਾਂਝਾ ਕਰਦੇ ਹੋਏ, ਨੀਰਜ ਦਾ ਮੰਨਣਾ ਹੈ ਕਿ ਅਜਿਹੇ ਵੱਡੇ ਮੁਕਾਬਲਿਆਂ ਵਿੱਚ, ਉਹ ਵਧੀਆ ਅਤੇ ਸੰਪੂਰਨਤਾ ਵਿੱਚ ਪ੍ਰਦਰਸ਼ਨ ਕਰਨ ਲਈ ਵਧੇਰੇ ਜ਼ਿੰਮੇਵਾਰੀ ਮਹਿਸੂਸ ਕਰਦੇ ਹਨ। ਇਸ ਦੌਰਾਨ ਆਪਣਾ 100 ਫੀਸਦੀ ਦੇਣ ਅਤੇ ਫੋਕਸ ਰਹਿਣ ਦਾ ਹਮੇਸ਼ਾ ਧਿਆਨ ਰੱਖਿਆ ਜਾਂਦਾ ਹੈ। ਇਹ ਸਾਰੀਆਂ ਨੂੰ ਅੱਖੋਂ ਸਮਝੇ ਜਾਂਦੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਮੈਡਲ ਜਿੱਤਣ ਵਿੱਚ ਮਦਦ ਕਰਦਾ ਹੈ। ਜੈਵਲਿਨ ਮੁਕਾਬਲੇ ਦੇ ਜੇਤੂ ਐਥਲੀਟ ਨੂੰ ਵਧਾਈ ਦਿੰਦੇ ਹੋਏ, ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਐਮਪੀ (ਰਾਜ ਸਭਾ) ਡਾ ਅਸ਼ੋਕ ਕੁਮਾਰ ਮਿੱਤਲ ਨੇ ਆਪਣੀ ਬੇਅੰਤ ਖੁਸ਼ੀ ਦਾ ਪ੍ਰਗਟਾਵਾ ਕੀਤਾ, ਅਤੇ ਇਸ ਨੂੰ ਦੇਸ਼ ਅਤੇ ਯੂਨੀਵਰਸਿਟੀ ਦੇ ਸਾਰੇ ਪੁਰਸ਼-ਮਹਿਲਾ ਅਥਲੀਟਾਂ ਲਈ ਉਨ੍ਹਾਂ ਦੇ ਖੇਡਾਂ ਨੂੰ ਜਿੱਤਣਾ ਅਤੇ ਨਾਲ ਹੀ ਲਗਨ ਜਾਰੀ ਰੱਖਣ ਲਈ ਇੱਕ ਉਤਸ਼ਾਹ ਦੱਸਿਆ । ਵਿਸ਼ਵ ਅਥਲੈਟਿਕਸ (ਪੁਰਸ਼) ਜੈਵਲਿਨ ਥਰੋਅ ਦਰਜਾਬੰਦੀ ਦੇ ਅਨੁਸਾਰ ਨੀਰਜ ਪਹਿਲਾਂ ਹੀ ਵਿਸ਼ਵ ਦੇ ਨੰਬਰ ਵਨ ਅਥਲੀਟ ਦੀ ਰੈਂਕਿੰਗ ਹਾਸਲ ਕਰ ਚੁੱਕੇ ਹਨ। ਇਸਲਈ 1455 ਅੰਕਾਂ ਦੇ ਨਾਲ, ਨੀਰਜ ਚੋਪੜਾ ਰੈਂਕਿੰਗ ਚ ਸਿਖਰ ਤੇ ਹਨ, ਜੋ ਆਪਣੇ ਨਜ਼ਦੀਕੀ ਵਿਰੋਧੀ ਤੋਂ 22 ਅੰਕ ਅੱਗੇ ਹੈ। ਇਸ ਤੋਂ ਪਹਿਲਾਂ, ਨੀਰਜ ਚੋਪੜਾ ਨੇ ਜ਼ਿਊਰਿਖ ਵਿੱਚ ਜਿਊਲ ਐਸੋਸੀਏਸ਼ਨ 2022 ਦੇ ਫਾਈਨਲ ਵਿੱਚ ਵੀ ਜਿੱਤ ਪ੍ਰਾਪਤ ਕੀਤੀ ਹੈ। ਉਨਾਂ ਦੋਹਾ ਡਾਇਮੰਡ ਲੀਗ ਵਿੱਚ ਹਿੱਸਾ ਲਿਆ ਅਤੇ 88.67 ਮੀਟਰ ਦੇ ਥਰੋਅ ਨਾਲ ਜਿੱਤਿਆ । ਇਸ ਤੋਂ ਪਹਿਲਾਂ, ਐਲਪੀਯੂ ਦੇ ਖਿਡਾਰੀਆਂ ਨੇ ਵੀ ਚੀਨ ਵਿੱਚ ਹਾਲ ਹੀ ਵਿੱਚ ਹੋਈਆਂ ਵਿਸ਼ਵ ਯੂਨੀਵਰਸਿਟੀ ਖੇਡਾਂ ਸਮੇਤ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡਾਂ ਵਿੱਚ ਭਾਰਤ ਦੇ ਜੇਤੂ ਪ੍ਰਦਰਸ਼ਨ ਵਿੱਚ ਬਹੁਤ ਯੋਗਦਾਨ ਪਾਇਆ ਹੈ।

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ

ਸੁਲਤਾਨਪੁਰ ਲੋਧੀ, (ਹਨੀ)-ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਰੱਖੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੀ-ਪ੍ਰਾਇਮਰੀ ਵਿੰਗ ਵਲੋਂ ਡਰਾਅ ਅਤੇ ਰੰਗ ਦੀ ਐਕਟੀਵਿਟੀ ਕਰਵਾਈ ਗਈ। ਪਹਿਲੀ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਲਈ ਰੱਖੜੀ ਬਣਾਉਣ ਦੀ ਸਰਗਰਮੀ ਕਰਵਾਈ ਗਈ, ਜਿਸ ਵਿਚ ਵਿਦਿਆਰਥੀਆਂ ਨੇ ਵੱਧ- ਚੜ੍ਹ ਕੇ ਹਿੱਸਾ ਲਿਆ। ਸਾਰੇ ਵਿਦਿਆਰਥੀ ਆਪਣੇ-ਆਪਣੇ ਘਰਾਂ ਤੋਂ ਰੱਖੜੀ ਬਣਾਉਣ ਲਈ ਸੁੰਦਰ-ਸੁੰਦਰ ਸਮਾਨ ਜਿਵੇਂ ਗੋਟਾ, ਰਿਬਨ, ਉੱਨ ਤੇ ਰੰਗ-ਬਿਰੰਗੇ ਫੁੱਲ ਲੈ ਕੇ ਆਏ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਬੱਚਿਆਂ ਨੂੰ ਦੱਸਿਆ ਕਿ ਰੱਖੜੀ ਕੋਈ ਕੱਚਾ ਧਾਗਾ ਨਹੀਂ ਹੈ, ਇਹ ਭੈਣ-ਭਰਾ ਦੇ ਪਿਆਰ ਦਾ ਅਟੁੱਟ ਬੰਧਨ ਹੈ। ਰੱਖੜੀ ਬੰਨ੍ਹਣ ਤੋਂ ਬਾਅਦ, ਭਰਾ ਆਪਣੀ ਭੈਣ ਦੇ ਦੁੱਖ ਤੇ ਖੁਸ਼ੀ 'ਚ ਉਸਦੀ ਰੱਖਿਆ ਤੇ ਸਤਿਕਾਰ ਕਰਨ ਦਾ ਵਾਅਦਾ ਕਰਦਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਸਮੂਹ ਵਿਦਿਆਰਥੀਆਂ ਤੇ ਸਟਾਫ਼ ਨੂੰ ਰੱਖੜੀ ਦੀਆਂ ਵਧਾਈਆਂ ਦਿੱਤੀਆਂ ਤੇ ਇਸ ਤਿਉਹਾਰ 'ਤੇ ਭੈਣ ਭਰਾ ਦੇ ਪਿਆਰ ਦੇ ਰਿਸ਼ਤੇ ਨੂੰ ਬਰਕਰਾਰ ਰੱਖਣ ਦਾ ਸੰਦੇਸ਼ ਦਿੱਤਾ।

7 ਸਾਈਡ ਫੁੱਟਬਾਲ ਟੂਰਨਾਮੈਂਟ ਸ਼ਾਨੋ- ਸ਼ੌਕਤ ਨਾਲ